

ਦਿਲਰੁਬਾ ਵਾਦਕ
ਬਾਬਾ ਹਰਨਾਮ ਸਿੰਘ

# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁ. ❑ ਅਕਤੂਬਰ 1998

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 10 ਸਾਲ ਦਸਵਾਂ ਅਕਤੂਬਰ 1998


ਮਿੱਤਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

ਤਬਲੇ ਦੇ ਬੋਲਾਂ ਦੀ ਨਿਕਾਸ ਵਿਧੀ
ਹਰਭਜਨ ਸਿੰਘ ਧਾਰੀਵਾਲ 4

ਗੁਰਬਾਣੀ ਦੇ ਚਾਨਣ ਵਿੱਚ ਉਦਮ
ਡਾ. ਜਾਗੀਰ ਸਿੰਘ 7

ਦਿਲਰੁਬਾ/ਤਾਊਸ-ਵਾਦਕ
ਸ੍ਰ. ਤੀਰਥ ਸਿੰਘ, ਸਹਾਰਨਪੁਰ 9

BACK HOME IN AMRITSAR
Nirupama Dutt 12

ਗੁਰਸਿੱਖ ਦੇ ਲੱਛਣ
ਬਬਲੀ ਐੱਸ. ਸਿੰਘ 14

ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਅਨੋਖਾ ਉੱਦਮ ਕਰਨ ਵਾਲੀ ਬੀਬੀ ਸਤਨਾਮ ਕੌਰ 15

ਕੁੱਝ ਸੰਗੀਤ ਉਪਯੋਗੀ ਸ਼ਬਦਾਂ ਬਾਰੇ
ਪ੍ਰੋ. ਕਰਤਾਰ ਸਿੰਘ 17

ਰਾਗ ਸੋਰਠਿ
ਡਾ. ਗੁਰਨਾਮ ਸਿੰਘ 20

ਰਾਗ ਵਡਹੰਸ
ਪ੍ਰੋ. ਤਾਰਾ ਸਿੰਘ 21

ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ
ਮਨਮੋਹਨ ਸਿੰਘ 22

Matrimonial 23

ਜੰਤਰੀ 24



ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ) ਪੀ. ਐਚ. ਡੀ.

ਕਾਰਜਕਾਰੀ ਸੰਪਾਦਕ
ਡਾ. ਤ੍ਰਿਲੋਚਨ ਸਿੰਘ ਤਰਸੀ

ਸਹਿਯੋਗੀ
ਸ. ਹਰਭਜਨ ਸਿੰਘ ਚੋਪੜਾ
ਸ. ਜੋਤਿੰਦਰ ਸਿੰਘ ਸੋਹਲ
ਡਾ. ਕਰਨੈਲ ਸਿੰਘ ਸੋਮਲ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ
ਗੁਰਦੀਪ ਸਿੰਘ ਦੀਪ

ਲੇ ਆਊਟ : ਸੋਹਲ ਸਪੈਸ਼ਲਸ

ਸਰਪ੍ਰਸਤ
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051 ਸੈਕਟਰ 27 ਬੀ,
ਚੰਡੀਗੜ੍ਹ
ਫੋਨ- 650696


| ਚੰਦੇ ਦਾ ਵੇਰਵਾ: | | ਚਿੱਠੀ ਪੱਤਰ ਲਈ ਪਤਾ : |
|---|---|---|
| ਇਕ ਕਾਪੀ | 10 ਰੁ. | ਅੰਮ੍ਰਿਤ ਕੀਰਤਨ ਟ੍ਰਸਟ ਰਜਿ. |
| ਸਲਾਨਾ | 100 ਰੁ. | 422, ਸੈਕਟਰ 15-ਏ, |
| ਜੀਵਨ ਮੈਂਬਰ (15 ਸਾਲ) | 1000 ਰੁ. | ਚੰਡੀਗੜ੍ਹ -160 015 |
| ਵਿਦੇਸ਼ ਸਲਾਨਾ | 500 ਰੁ. | ਫੋਨ : 772660 |
| ਜੀਵਨ ਮੈਂਬਰ (15 ਸਾਲ) | 5000 ਰੁ. | |

ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁ. |
| ਕਵਰ ਦੇ ਅੰਦਰਲੇ ਪੰਨੇ | 2000 ਰੁ. |
| ਸਧਾਰਨ ਪੂਰਾ ਪੰਨਾ | 1500 ਰੁ. |

* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ. ਸੀ. ਐਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

# ਮਿਤ੍ਰ ਅਸਾਡੜੇ ਸੇਈ

ਜਿਸ ਸਿਦਕ ਦਿਲੀ ਨਾਲ ਤੁਸੀਂ 'ਅੰਮ੍ਰਿਤ ਕੀਰਤਨ' ਦੁਆਰਾ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਕਈ ਸਾਲਾਂ ਤੋਂ ਨਿਰੰਤਰ ਸੇਵਾ ਕਰ ਰਹੇ ਹੋ ਬਹੁਤ ਹੀ ਸ਼ਲਾਘਾਯੋਗ ਹੈ। ਤੁਸੀਂ ਘਾਲਨਾ ਘਾਲ ਰਹੇ ਹੋ ਤੇ ਗੁਰੂ ਦਾ ਬਿਰਦ ਹੈ ਇੱਕ 'ਤਿਲ ਨਹੀ ਭੰਨੈ ਘਾਲੇ'। ਤੁਹਾਨੂੰ ਗੁਰੂ ਨੇ ਬਲ, ਉਦਮ, ਉਤਸ਼ਾਹ, ਭਰੋਸਾ ਤੇ ਹੋਰ ਬੇਅੰਤ ਦਾਤਾਂ ਨਾਲ ਨਿਵਾਜਿਆ ਹੈ। ਗੁਰੂ ਮਿਹਰ ਕਰੇ ਤੁਸੀਂ ਸੇਵਾ ਵਿਚ ਸਦਾ ਜੁਟੇ ਰਹੋ। ਪੰਜਾਬੀ ਸਾਹਿਤ ਕਲਾ ਸੰਗਮ ਨੇ ਜੋ ਆਪ ਜੀ ਨੂੰ ਭਾਈ ਸੁਧ ਸਿੰਘ ਭਾਈ ਪ੍ਰਧਾਨ ਸਿੰਘ ਅਵਾਰਡ ਨਾਲ ਸਨਮਾਨਿਆ ਹੈ, ਮੈ ਆਪਣੀ ਖੁਸ਼ੀ ਦਾ ਪ੍ਰਗਟਾਵਾ ਸਮੂਹ ਪਾਠਕਾਂ ਨਾਲ ਸਾਂਝਾ ਕਰਦਾ ਹੋਇਆ ਹਾਰਦਿਕ ਵਧਾਈ ਦਿੰਦਾ ਹਾਂ। ਅਰਦਾਸ ਹੈ ਕਿ ਇਹ ਸਨਮਾਨ ਗੁਰਮਤਿ ਸੰਗੀਤ ਦੇ ਪ੍ਰਚਾਰ ਦੀ ਲਗਨ ਵਿੱਚ ਹੋਰ ਵਾਧਾ ਕਰੇ। ਮੈ ਸਰਦਾਰ ਹਰਭਿਜਨ ਸਿੰਘ ਰਤਨ ਪ੍ਰਧਾਨ ਪੰਜਾਬੀ ਸਾਹਿਤ ਕਲਾ ਸੰਗਮ ਜੋ ਕਿ ਆਪ ਇਕ ਪ੍ਰਸਿਧ ਗਾਇਕ, ਕੀਰਤਨਕਾਰ ਤੇ ਗੀਤਕਾਰ ਹਨ ਤੇ ਜਿਹਨਾਂ ਦਾ ਤਕਰੀਬਨ ਪੰਜ ਦਹਾਕੇ ਪਹਿਲਾਂ ਦਾ ਗਾਇਆ ਗੀਤ, 'ਨਨਕਾਣੇ ਵੱਲ ਨੂੰ ਜਾਂਦਿਆ ਰਾਹੀਆ' ਅੱਜ ਵੀ ਅਮਰ ਹੈ। ਉਹਨਾਂ ਨੇ ਜੋ ਇਸ ਸਨਮਾਨ ਲਈ ਤੁਹਾਡੀ ਚੋਣ ਕੀਤੀ ਹੈ, ਮੈਂ ਉਹਨਾਂ ਦਾ ਧੰਨਵਾਦ ਕਰਦਾ ਹਾਂ ਤੇ ਵਧਾਈ ਵੀ ਦਿੰਦਾ ਹਾਂ।

ਗੁਰੂ ਕਿਰਪਾ ਸਦਕਾ ਗੁਰਮਤਿ ਸੰਗੀਤ ਦੇ ਪ੍ਰਚਾਰ ਲਈ ਕੁਝ ਯਤਨ ਤਾਂ ਹੋ ਰਹੇ ਹਨ। ਬਾਬਾ ਸੁੱਚਾ ਸਿੰਘ ਜੀ, ਜੱਵਦੀ ਕਲਾਂ ਦੀ ਸਰਪ੍ਰਸਤੀ ਹੇਠ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦਰਬਾਰਾਂ ਦੀ ਲੜੀ 1991 ਤੋਂ ਹੁਣ ਤੱਕ ਚੱਲ ਰਹੀ ਹੈ। ਇਸ ਨਾਲ ਸੰਗਤਾਂ ਅਤੇ ਕੀਰਤਨੀਆਂ ਵਿੱਚ ਕੁਝ ਜਾਗਰਤੀ ਆਈ ਹੈ। ਇਹ ਇੱਕ ਬਹੁਤ ਵੱਡਾ ਜਤਨ ਹੈ। ਡਾਕਟਰ ਗੁਰਨਾਮ ਸਿੰਘ ਦੇ ਯਤਨਾਂ ਦੁਆਰਾ 'ਡਿਪਲੋਮਾ ਇਨ ਗੁਰਮਤਿ ਸੰਗੀਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਇਸ ਸਾਲ ਤੋਂ ਸ਼ੁਰੂ ਕੀਤਾ ਹੈ। ਇਹ ਵੀ ਇੱਕ ਨਿੱਗਰ ਯਤਨ ਹੈ। ਇਸ ਤੋਂ ਪਹਿਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਯੂਨੀਵਰਸਿਟੀਆਂ ਦੇ ਪਾਠ-ਕ੍ਰਮਾਂ ਵਿੱਚ ਗੁਰਮਤਿ ਸੰਗੀਤ ਨੂੰ ਥਾਂ ਦਿੱਤੀ ਗਈ ਹੈ। ਇਹ ਯਤਨ ਵੱਡੇ ਹਨ ਤੇ ਸ਼ਲਾਘਾਯੋਗ ਵੀ ਹਨ।

ਮੇਰੇ ਵਿਚਾਰ ਅਨੁਸਾਰ ਗੁਰਮਤਿ ਸੰਗੀਤ ਦੇ ਪ੍ਰਚਾਰ ਵਿੱਚ ਜੋ ਬਹੁਤ ਵੱਡੀ ਰੁਕਾਵਟ ਤੇ ਘਾਟ ਹੈ ਉਹ ਹੈ ਸਾਡਾ ਪ੍ਰਚਲਿਤ ਕੀਰਤਨ ਜੋ ਗੁਰ ਅਸਥਾਨਾਂ ਤੇ ਹੋ ਰਿਹਾ ਹੈ ਤੇ ਜਿਸ ਨਾਲ ਸੰਗਤਾਂ ਨੇ ਨਿੱਤ ਜੁੜਨਾ ਹੈ। ਉਸ ਦਾ ਪੱਧਰ ਬਹੁਤ ਸਧਾਰਨ ਹੈ। ਇਸ ਪਾਸੇ ਵੀ ਬਹੁਤ ਧਿਆਨ ਦੇਣ ਦੀ ਲੋੜ ਹੈ ਤੇ ਉਸ ਦਾ ਕੇਵਲ ਹੱਲ ਹੈ ਕਿ ਕੀਰਤਨ ਬੋਧ ਸਮਾਗਮਾਂ ਦੀ ਲੜੀ ਸ਼ੁਰੂ ਕੀਤੀ ਜਾਵੇ। ਇਸ ਲਈ ਸ਼੍ਰੋਮਣੀ 'ਗੁਰਦੁਆਰਾ ਪ੍ਰਬੰਧਕ ਕਮੇਟੀ' ਦੀ ਸਰਪ੍ਰਸਤੀ ਜ਼ਰੂਰੀ ਹੈ ਜਾਂ ਕੁਝ ਸਥਾਨਕ ਸੰਸਥਾਵਾਂ ਵੀ ਆਪਣੇ ਨਗਰ ਵਿੱਚ ਜਤਨ ਕਰਨ। ਸਮਾਗਮਾਂ ਦੀ ਰੂਪ-ਰੇਖਾ ਐਸੀ ਬਣਾਈ ਜਾਵੇ ਜਿਸ ਨਾਲ ਕੀਰਤਨੀਏ ਅਤੇ ਸੰਗਤਾਂ ਲਾਭ ਉਠਾ ਸਕਣ। ਗੁਰੂ ਕਰੇ ਕੁਝ ਸੰਸਥਾਵਾਂ ਤੇ ਮਹਾਂਪੁਰਖਾਂ ਨੂੰ ਐਸੇ ਕਾਰਜ ਲਈ ਪ੍ਰੇਰਨਾ ਮਿਲੇ ਤੇ ਰਾਗੀ ਸਿੰਘਾਂ ਦੀਆਂ ਸਭਾਵਾਂ ਆਪ ਸਹਿਯੋਗ ਕਰਨ ਤੇ ਅੱਗੇ ਆਉਣ ਤਾਂ ਜੋ ਗੁਰੂ ਦੀ ਬਖਸ਼ੀ ਦਾਤ ਕੀਰਤਨ ਦਾ ਪੱਧਰ ਰਲਮਿਲ ਕੇ ਉੱਚਾ ਕਰ ਸਕੀਏ / ਮੈਨੂੰ ਖੁਸ਼ੀ ਹੈ ਕਿ 'ਅੰਮ੍ਰਿਤ ਕੀਰਤਨ' ਰਾਹੀਂ ਚੰਗੇ ਚੰਗੇ ਲੇਖ ਇਸ ਪਾਸੇ ਪ੍ਰੇਰਨਾ ਦੇ ਰਹੇ ਹਨ।

ਲੁਧਿਆਣਾ — ਪ੍ਰੋ. ਕਰਤਾਰ ਸਿੰਘ

ਰੇਗਿਸਤਾਨ ਵਿੱਚ ਤੁਰਦੇ ਤੁਰਦੇ ਥੱਕੇ ਹਾਰੇ ਮੁਸਾਫਰਾਂ ਨੂੰ ਜਦੋਂ ਨਖਲਿਸਤਾਨ ਮਿਲ ਜਾਏ ਤਾਂ ਉਹਨਾਂ ਦੀ ਖੁਸ਼ੀ ਦਾ ਸੱਚਾ ਅੰਦਾਜ਼ਾ ਤਾਂ ਉਹ ਹੀ ਲਗਾ ਸਕਦੇ ਹਨ। ਠੀਕ ਉਸੇ ਤਰ੍ਹਾਂ ਦੀ ਖੁਸ਼ੀ ਮੈਨੂੰ ਅੱਜ ਹੋਈ ਜਦੋਂ ਪਹਿਲਾ 'ਅੰਮ੍ਰਿਤ ਕੀਰਤਨ' ਮੈਗਜ਼ੀਨ ਮੈਨੂੰ ਮਿਲਿਆ। ਅਤਿ ਸੁੰਦਰ! ਬਹੁਤ ਬਹੁਤ ਹਾਰਦਿਕ ਧੰਨਵਾਦ। ਗੁਰੂ ਨਾਨਕ ਸਾਹਿਬ ਜੀ ਕਿਤਨੇ ਬੇਅੰਤ ਹਨ ਜੋ ਐਸੀ ਸੁੰਦਰ ਤੇ ਸਭ ਤੋਂ ਪਿਆਰੀ ਸੇਵਾ ਆਪ ਜੀ ਕੋਲੋਂ ਲੈ ਰਹੇ ਹਨ। ਵਡਭਾਗੀ ਹੋ।

'ਜਾਕੇ ਮਸਤਕਿ ਭਾਗ ਸੇ ਸੇਵਾ ਲਾਇਆ'

ਅੰਧੇਰੀ, ਮੁੰਬਈ — ਬੀਬੀ ਸਤਿਨਾਮ ਕੌਰ

ਤੁਸੀਂ 'ਅੰਮ੍ਰਿਤ ਕੀਰਤਨ' ਰਾਹੀਂ ਦੇਸ, ਕੌਮ ਅਤੇ ਸਮਾਜ ਦੀ ਜੋ ਸੇਵਾ ਕਰਦੇ ਹੋ ਇਹ ਅਤੀ ਸ਼ਲਾਘਾਯੋਗ ਹੈ। ਇਸ ਵਿਚੋਂ ਕੀਰਤਨੀਆਂ ਅਤੇ ਸੰਗਤਾਂ ਨੂੰ ਬਹੁਤ ਲਾਭ ਪ੍ਰਾਪਤ ਹੋ ਰਿਹਾ ਹੈ। ਅਸੀਂ 'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ ਭੇਜ ਰਹੇ ਹਾਂ।

ਹੁਸ਼ਿਆਰਪੁਰ — ਪ੍ਰਿੰਸੀਪਲ ਚੰਨਣ ਸਿੰਘ ਮਜ਼ਬੂਰ

ਸਤੰਬਰ ਦੇ 'ਅੰਮ੍ਰਿਤ ਕੀਰਤਨ' ਵਿੱਚ ਤਬਲੇ ਬਾਰੇ ਜਾਣਕਾਰੀ ਦੇ ਕੇ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ। ਤਬਲੇ ਬਾਰੇ ਇਸੇ ਤਰ੍ਹਾਂ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਸ ਵਿੱਚ ਪ੍ਰਿੰਸੀਪਲ ਦਿਆਲ ਸਿੰਘ ਜੀ ਦੇ ਅਤੇ ਬੇਦੀ ਲਾਲ ਸਿੰਘ ਸਾਹਿਤਕਾਰ ਦੇ ਲੇਖ ਮਿਆਰੀ ਸਨ। ਸ੍ਰ. ਹਰਜਾਪ ਸਿੰਘ ਦੀਆਂ ਨਵੀਆਂ ਖੋਜਾਂ ਹੈਰਾਨ ਕਰਨ ਵਾਲੀਆਂ ਹਨ।

ਮਲੋਟ — ਮੰਗਤ ਸਿੰਘ ਮਸਤਾਨਾ

ਸਤੰਬਰ ਮਹੀਨੇ ਦਾ ਅੰਕ ਬਹੁਤ ਪਸੰਦ ਆਇਆ। ਇਸ ਵਿੱਚ ਲੇਖਾਂ ਦੇ ਨਾਲ-ਨਾਲ ਸ਼ਬਦਾਂ ਦੀਆਂ ਨੋਟੇਸ਼ਨਾਂ ਜਾਣਕਾਰੀ ਭਰਪੂਰ ਸੀ! ਡਾ. ਜਾਗੀਰ ਸਿੰਘ ਦਾ ਸੰਪਾਦਕੀ ਪ੍ਰੇਰਨਾਦਾਇਕ ਸੀ।

ਮਲੋਟ — ਐਸ. ਐਸ. ਸਚਦੇਵਾ

ਸਤੰਬਰ ਮਹੀਨੇ ਵਿੱਚ ਆਪ ਦਾ ਸੰਪਾਦਕੀ 'ਸੁਚੱਜ', ਪ੍ਰਿੰਸੀਪਲ ਦਿਆਲ ਸਿੰਘ, ਹਰਿਭਜਨ ਸਿੰਘ ਧਾਰੀਵਾਲ ਦੇ ਲੇਖ ਬਹੁਤ ਵਧੀਆ ਸਨ। ਸ੍ਰ. ਹਰਜਾਪ ਸਿੰਘ ਜੀ ਪੁਰਾਣੇ ਲੋਕਾਂ ਬਾਰੇ ਨਵੀਂ ਜਾਣਕਾਰੀ ਦੇ ਕੇ ਕਮਾਲ ਕਰਦੇ ਹਨ। ਨੋਟੇਸ਼ਨਾਂ ਵੀ ਕਾਬਲੇ ਤਾਰੀਫ ਹਨ।

ਸੰਗਰੂਰ — ਭਾਈ ਅਵਤਾਰ ਸਿੰਘ 'ਹੰਸ'

# ਕਰਉ ਬੇਨੰਤੀਆ

## ਬੋਲਚਾਲ

ਪਿਛਲੇ ਕੁਝ ਸਮੇਂ ਤੋਂ ਸਾਡੀਆਂ ਆਦਰ ਯੋਗ ਹਸਤੀਆਂ ਵਲੋਂ ਇੱਕ ਦੂਜੇ ਬਾਰੇ ਕੀਤੀਆਂ ਟਿੱਪਣੀਆਂ ਤੋਂ ਚਿੰਤਿਤ ਹੋ ਕੇ ਗੁਰਬਾਣੀ ਦੀ ਓਟ ਆਸਰਾ ਲਿਆ। ਪੰਜਾਬੀ ਯੂਨੀਵਰਸਟੀ ਪਟਿਆਲਾ ਵਲੋਂ ਤਿਆਰ ਕੀਤੇ 'ਗੁਰੂ ਗ੍ਰੰਥ ਸਾਹਿਬ ਵਿਚਾਰ ਕੋਸ਼' ਵਿਚ 'ਬੋਲਚਾਲ' ਸਿਰਲੇਖ ਹੇਠ ਗੁਰਬਾਣੀ ਦੀਆਂ ਜਿਹੜੀਆਂ ਪਵਿੱਤਰ ਤੁਕਾਂ ਦਿੱਤੀਆਂ ਹਨ ਉਹ ਸਾਡਾ ਰਾਹ ਰੋਸ਼ਨ ਕਰਦੀਆਂ ਹਨ:

ਇਕ ਫਿਕਾ ਨਾ ਗਾਲਾਇ ਸਭਨਾ ਮੈਂ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥
(ਸਲੋਕ ਫਰੀਦ, (੧੨੯), ਪੰ. ੧੩੮੪)

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ।
(ਵਾਰ ਆਸਾ ੧, (੨੦ ), ਪੰ.੪੭੩)

ਮੰਦਾ ਕਿਸੈ ਨਾ ਆਖਿਐ ਪੜਿ ਅਖਰ ਏਹੋ ਬੁਝੀਐ॥
ਮੂਰਖੈ ਨਾਲਿ ਨਾ ਲੁਝੀਐ॥
(ਵਾਰ ਅਸਾ ੧, (੨੦ ), ਪੰ.੪੭੩)

ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥
(ਵਡਹੰਸ ੧, ਛੰ-੧ , ਪੰ.੫੬੬)

ਕਿਸ ਹੀ ਮੰਦਾ ਆਖਿ ਨ ਚਲੈ ਸਚਿ ਖਰਾ ਸਚਿਆਰਾ ਹੇ॥
(ਮਾਰੂ ੧, ਸੋ-੧, ਪੰ. ੧੦੨੭)

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥
(ਸਿਰੀ ੧, ੫-੪, ਪੰ.੧੫)

ਬਹੁਤਾ ਬੋਲਣ ਝਖਣੁ ਹੋਇ॥ ਵਿਣੁ ਬੋਲੇ ਜਾਣੈ ਸਭ ਸੋਇ॥
(ਧਨਾਸਰੀ ੩, ੫-੩, ਪੰ. ੬੬੧)

ਗੰਢੁ ਪ੍ਰੀਤੀ ਮਿਠੇ ਬੋਲ॥
(ਵਾਰ ਮਾਝ, ੧ (੧੨), ਪੰ.੧੪੩)

ਟੂਟਿ ਪਰੀਤਿ ਗਈ ਬੁਰ ਬੋਲਿ॥
(ਰਾਮਕਲੀ ੧, ਓਅੰਕਾਰ, (੨੮), ਪੰ.੯੩੩ )

ਕੋਮਲ ਬਾਣੀ ਸਭ ਕਉ ਸੰਤੋਖੈ॥
(ਗਉੜੀ ਥਿਤੀ ੫, (੧੨), ਪੰ. ੨੯੯)

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
(ਰਾਮਕਲੀ ੩, ਅਨੰਦ, (੧੪), ਪੰ.੯੧੮)

ਅੰਮ੍ਰਿਤ ਫਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੇ॥
(ਮਾਰੂ ੩, ਸੋ-੮, ਪੰ.੧੦੫੧)

ਗੁਰਮੁਖਿ ਅੰਮ੍ਰਿਤ ਬਾਨੀ ਬੋਲਹਿ ਸਭ ਆਤਮ ਰਾਮੁ ਪਛਾਣੀ॥
(ਸਿਰੀ ੩, ਅ-੭, ਪੰ. ੬੯)

ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦ ਲਿਖਾਈਐ॥
(ਵਡਹੰਸ ੧, ਛੰ-੧, ਪੰ. ੫੬੬)

ਬੋਲੀਐ ਸਚੁ ਧਰਮੁ ਝੂਠੁ ਨਾ ਬੋਲੀਐ॥
(ਆਸਾ ਫਰੀਦ, ੫-੨, ਪੰ.੪੮੮)

ਜਿਥੈ ਬੋਲਿਣ ਹਾਰੀਐ ਤਿਥੈ ਚੰਗੀ ਚੁਪ॥
(ਵਾਰ ਮਾਝ ੧, (੧੪), ਪੰ.੧੪੯ )

ਸੰਤੁ ਮਿਲੈ ਕਿਛੁ ਸੁਣੀਐ ਕਹੀਐ॥
ਮਿਲੈ ਅਸੰਤੁ ਮਸਟਿ ਕਰਿ ਰਹੀਐ॥
(ਗੋਂਡ ਕਬੀਰ, ੫-੧, ਪੰ. ੮੭੦ )

ਬਚਨੁ ਕਰੇ ਤੈ ਖਿਸਕਿ ਜਾਇ ਬੋਲੈ ਸਭੁ ਕਚਾ॥
ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ॥
(ਵਾਰ ਮਾਰੂ ੫, (੧੫), ਪੰ. ੧੦੯੯)

# ਤਬਲੇ ਦੇ ਬੋਲਾਂ ਦੀ ਨਿਕਾਸ ਵਿਧੀ


## ਹਰਭਜਨ ਸਿੰਘ ਧਾਰੀਵਾਲ*

ਐਮ. ਏ. (ਸੰਗੀਤ), ਬੀ. ਐੱਡ.


ਹਿੰਦੋਸਤਾਨੀ ਸੰਗੀਤ ਵਿੱਚ ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ ਜੀ ਵੱਲੋਂ ਕੁੱਲ 10 ਥਾਟ ਨਿਰਧਾਰਤ ਕੀਤੇ ਗਾਏ ਹਨ ਜੋ ਮੂਲ ਸਵੱਰਾਂ (7 ਸ਼ੁਧ ਸਵੱਰ ਤੇ 5 ਵਿਕਰਿਤ ਸਵੱਰ) ਤੇ ਅਧਾਰਿਤ ਹਨ ਅਤੇ ਇਨ੍ਹਾਂ ਥਾਟਾਂ ਤੋਂ ਅਨੇਕਾਂ ਰਾਗ ਤੇ ਰਾਗਣੀਆਂ ਜਨਮ ਲੈਂਦੀਆਂ ਹਨ। ਭਾਵ ਮੂਲ 7 ਸਵੱਰ 'ਸ', 'ਰੇ', 'ਗ', 'ਮ', 'ਪ', 'ਧ', ਅਤੇ 'ਨੀ' 'ਚ ਸੰਪੂਰਨ ਸੰਗੀਤ ਸਮਾਇਆ ਹੈ। ਠੀਕ ਇਸੇ ਤਰ੍ਹਾਂ ਹੀ ਅਵਨਧ ਸ਼੍ਰੇਣੀ ਦੇ 'ਤਬਲਾ' ਸਾਜ਼ ਦੇ ਮੂਲ ਬੋਲ ਜਿਨ੍ਹਾਂ ਨੂੰ 'ਵਰਣ' ਵੀ ਕਹਿੰਦੇ ਹਨ, ਨਿਰਧਾਰਿਤ ਕੀਤੇ ਹਨ। ਜਿਨ੍ਹਾਂ ਬਾਰੇ ਵੱਖ-ਵੱਖ ਮੱਤ ਹਨ। ਕੋਈ ਇਸਦੇ ਵਰਣਾਂ ਦੀ ਸੰਖਿਆ 10 ਮੰਨਦਾ ਹੈ, ਕੋਈ 7 ਅਤੇ ਪਖਾਵਜ ਵਾਲੇ ਵਰਣਾਂ ਦੀ ਸੰਖਿਆ 4 ('ਨਾ', 'ਦੀ', 'ਥੁ' ਅਤੇ 'ਗਾ') ਮੰਨਦੇ ਹਨ। ਸੱਤ ਵਰਣਾਂ ਵਾਲੇ ਨਿਯਮ ਨੂੰ ਬਹੁਤੇ ਉਸਤਾਦ ਸਹਿਬਾਨਾਂ ਨੇ ਉਚਿੱਤ ਤੇ ਉਪਯੋਗੀ ਮੰਨਿਆ ਹੈ ਕਿਉਂਕਿ ਇਨ੍ਹਾਂ ਮੂਲ ਸੱਤ ਬੋਲਾਂ ਦੇ ਸੰਜੋਗ ਨਾਲ ਅਨੇਕਾਂ ਬੋਲਾਂ ਦੀ ਉਤਪਤੀ ਹੁੰਦੀ ਹੈ। ਇਹ ਤਾਂ ਜਾਣਦੇ ਹੀ ਹਾਂ ਕਿ ਤਬਲੇ ਦੇ ਦੋ ਭਾਗ ਸੱਜਾ ਤਬਲਾ (ਚੱਟੂ) ਅਤੇ ਖੱਬਾ ਤਬਲਾ (ਡੁੱਗੀ) ਹੁੰਦੇ ਹਨ।

ਇਨ੍ਹਾਂ ਸੱਤ ਮੂਲ ਬੋਲਾਂ ਦੇ ਸਿਧਾਂਤ ਅਨੁਸਾਰ ਸੱਜੇ ਤਬਲੇ 'ਚੋਂ ਉਤਪਤੀ ਹੁੰਦੀ ਹੈ।

ਸੱਜੇ ਤਬਲੇ ਦੇ ਬੋਲ:- (1) 'ਨਾ' ਜਾਂ 'ਤਾ' (2) 'ਤਿੰਨ' (3) 'ਦੀਨ' ਜਾਂ 'ਤੁੰ' (4) 'ਤੇ' ਜਾਂ 'ਟ' ਜਾਂ 'ਰ'

ਖੱਬੇ ਤਬਲੇ ਦੇ ਬੋਲ:- (1) 'ਘੇ' ਜਾਂ 'ਗ' (2) 'ਗੇ' (3) 'ਕੇ', 'ਕ' ਜਾਂ 'ਕੱਤ'

ਇਸ ਤੋਂ ਪਹਿਲਾਂ ਕਿ ਇਨ੍ਹਾਂ ਬੋਲਾਂ ਦੇ ਨਿਕਾਸ ਬਾਰੇ ਜਾਣਕਾਰੀ ਪ੍ਰਾਪਤ ਕਰੀਏ, ਮੇਰੇ ਖਿਆਲ 'ਚ ਸੱਜੇ ਅਤੇ ਖੱਬੇ ਹੱਥ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਜ਼ਰੂਰੀ ਹੈ, ਜਿਨ੍ਹਾਂ ਦੁਆਰਾ ਬੋਲ ਉਤਪੰਨ ਕਰਨੇ ਹਨ। ਤਬਲਾ ਵਾਦਨ ਕਿਰਿਆ ਵਿੱਚ ਸੱਜੇ ਤੇ ਖੱਬੇ ਹੱਥ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਅੰਗੂਠੇ ਅਤੇ ਚੀਚੀ ਨੂੰ ਛੱਡ ਕੇ ਬਾਕੀ ਤਿੰਨਾਂ ਉਂਗਲਾਂ ਦੇ ਸੰਗੀਤਕ ਨਾਮ ਰੱਖੇ ਗਏ ਹਨ। ਅੰਗੂਠੇ ਲਾਗਲੀ ਪਹਿਲੀ ਉਂਗਲ ਨੂੰ ਤਰਜਨੀ ਵਿਚਕਾਰਲੀ ਨੂੰ ਮੱਧਿਅਮਾ ਅਤੇ ਚੀਚੀ ਦੇ ਲਾਗਲੀ ਉਂਗਲ ਨੂੰ ਅਨਾਮਿਕਾ ਕਹਿੰਦੇ ਹਨ। ਸੱਜੇ ਤੇ ਖੱਬੇ ਹੱਥ ਦੀਆਂ ਉਂਗਲਾਂ ਦੇ ਨਾਮ ਇੱਕੋ ਹੀ ਹਨ। ਤਬਲੇ ਦੇ ਨਿਕਾਸ ਦੀ ਸਹੂਲਤ ਲਈ ਖੱਬੇ ਅਤੇ ਸੱਜੇ ਹੱਥ ਦੇ ਦੋ-ਦੋ-ਭਾਗ ਕੀਤੇ ਜਾਂਦੇ ਹਨ। ਪਹਿਲੇ ਭਾਗ ਵਿੱਚ ਅੰਗੂਠਾ ਤੇ ਤਰਜਨੀ ਅਤੇ ਦੂਜੇ ਭਾਗ ਵਿੱਚ ਮੱਧਿਅਮਾ, ਅਤੇ ਅਨਾਮਿਕਾ ਅਤੇ ਚੀਚੀ ਸ਼ਾਮਲ ਹੁੰਦੀ ਹੈ। ਤਬਲੇ ਦੇ ਮੁੱਖ ਘਰਾਣੇ ਦਿੱਲੀ, ਬਨਾਰਸ, ਲਖਨਊ, ਫ਼ਰੂਖਾਬਾਦ, ਅਜਰਾੜਾ ਤੇ ਪੰਜਾਬ ਆਦਿ ਹਨ। ਇਨ੍ਹਾਂ ਘਰਾਣਿਆਂ ਵਿੱਚ ਤਬਲੇ ਦੇ ਬੋਲਾਂ ਦੇ ਨਿਕਾਸ-ਢੰਗ ਦਾ ਅੰਤਰ ਪਾਇਆ ਗਿਆ ਹੈ। ਪੂਰਬ ਦੇ ਤਬਲਾ ਵਾਦਕ ਖੱਬੇ ਤਬਲੇ ਦੇ ਬੋਲ ਤਰਜਨੀ ਤੇ ਮੱਧਿਅਮਾ ਦੇ ਪ੍ਰਯੋਗ ਦੁਆਰਾ ਕੱਢਦੇ ਹਨ ਜਦਕਿ ਪੰਜਾਬ ਦੇ ਤਬਲਾ ਵਾਦਕ ਤਰਜਨੀ ਅਤੇ ਮੱਧਿਅਮਾ ਤੇ ਅਨਾਮਿਕਾ ਦੇ ਪ੍ਰਯੋਗ ਦੁਆਰਾ ਖੱਬੇ ਤਬਲੇ ਦੇ ਬੋਲ ਕੱਢਦੇ ਹਨ।

ਤਬਲੇ ਦੇ 7 ਮੂਲ (ਬੋਲਾਂ), ਅਤੇ ਇਨ੍ਹਾਂ ਦੇ ਸੰਯੋਗ ਤੋਂ ਉਤਪੰਨ ਅਨੇਕਾਂ ਬੋਲਾਂ ਦਾ ਨਿਕਾਸ ਇਸ ਪ੍ਰਕਾਰ ਹੈ:-

1. ਨਾ ਜਾਂ ਤਾ :- ਇਹ ਬੋਲ ਸੱਜੇ ਤਬਲੇ ਦੇ ਕਿਨਾਰ ਤੋਂ ਉਤਪੰਨ ਹੁੰਦਾ ਹੈ, ਸੱਜੇ ਹੱਥ ਦੀ ਅਨਾਮਿਕਾ ਨੂੰ ਸਿਆਹੀ ਦੇ ਸ਼ੁਰੂ ਵਾਲੇ ਭਾਗ ਤੇ ਰੱਖ ਕੇ ਅਤੇ ਮੱਧਿਅਮਾ ਨੂੰ ਉਪਰ ਉਠਾਉਂਦੇ ਹੋਏ, ਤਰਜਨੀ ਨਾਲ ਕਿਨਾਰ ਤੇ ਜ਼ੋਰ ਦੀ ਚੋਟ ਲਗਾਉਣ ਨਾਲ 'ਨਾ' ਜਾਂ 'ਤਾ' ਬੋਲ ਪੈਦਾ ਹੁੰਦਾ ਹੈ।

2. ਤਿੰਨ :- ਇਸ ਬੋਲ ਦੇ ਨਿਕਾਸ ਲਈ ਹੱਥ ਦਾ ਰਖਾਵ ਉਸੇ ਤਰ੍ਹਾਂ ਹੈ, ਕੇਵਲ ਤਰਜਨੀ ਨੂੰ ਕਿਨਾਰ ਤੇ ਵਜਾਉਣ ਦੀ ਬਜਾਏ ਮੈਦਾਨ (ਲਵ) ਵਿੱਚ ਜ਼ੋਰ ਨਾਲ ਚੋਟ ਲਗਾਉਣੀ ਪੈਂਦੀ ਹੈ। ਤਰਜਨੀ ਦਾ ਅਗਲਾ ਹਿੱਸਾ ਸਿਆਹੀ ਨੂੰ ਨਾਂ ਮਾਤਰ ਛੂਹ ਜਾਵੇ, ਇਹ ਬੋਲ ਗੂੰਜਦਾਰ ਸੁਣਾਈ ਦਿੰਦਾ ਹੈ।

3. ਦੀ ਜਾਂ ਤੂੰ:- ਤਰਜਨੀ, ਮੱਧਿਅਮਾ, ਅਨਾਮਿਕਾ ਅਤੇ ਚੀਚੀ ਆਦਿ ਉਂਗਲੀਆਂ ਨੂੰ ਸਿਧਾ ਕਰਕੇ ਸੱਜੇ ਤਬਲੇ ਦੀ ਸਿਆਹੀ ਦੇ ਸੱਜੇ ਤਬਲੇ ਦੀ ਸਿਆਹੀ ਦੇ ਸੱਜੇ ਪਾਸੇ ਦੀ ਸਿਆਹੀ ਦੇ ਸ਼ੁਰੂ ਵਾਲੇ ਭਾਗ ਤੇ ਚੋਟ ਲਗਾਉਣ ਨਾਲ ਵੀ ਪੈਦਾ ਹੁੰਦਾ ਹੈ। ਇਹ ਬੋਲ ਵੀ ਗੂੰਜਦਾਰ ਹੈ।

4. ਤੇ (ਤਿ), ਟ ਜਾਂ ਰ :- ਸੱਜੇ ਹੱਥ ਦੀ ਅਨਾਮਿਕਾ ਦੇ ਮੱਧਿਅਮਾ ਨੂੰ ਜੋੜ ਕੇ ਸੱਜੇ ਤਬਲੇ ਦੀ ਸਿਆਹੀ ਦੇ ਵਿਚਕਾਰ ਚੋਟ ਲਗਾਉਣ ਨਾਲ ਇਸ ਬੋਲ ਦੀ ਉਤਪਤੀ ਹੁੰਦੀ ਹੈ। 'ਟ' ਜਾਂ 'ਰ' ਬੋਲ 'ਤੇ' ਤੋਂ ਬਾਅਦ ਅਕਸਰ ਤਰਜਨੀ ਨਾਲ ਸਿਆਹੀ ਦੇ ਵਿਚਕਾਰ ਚੋਟ ਲਗਾਉਣ ਨਾਲ ਇਹ ਬੋਲ ਨਿਕਲਦਾ ਹੈ ਜਿਸ ਦਾ ਉਚਾਰਣ 'ਰ' ਵੀ ਕੀਤਾ ਜਾਂਦਾ ਹੈ।

5. ਘੇ (ਗ) :- ਖੱਬੇ ਤਬਲੇ ਦੇ ਖੱਬੇ ਹੱਥ ਦੇ ਅੰਤਿਮ ਭਾਗ (ਗੁੱਟ) ਨੂੰ ਸਿਆਹੀ ਦੇ ਸ਼ੁਰੂ ਵਾਲੇ ਭਾਗ ਤੇ ਰੱਖਕੇ, ਸਿਆਹੀ ਦੇ ਅਗਲੇ ਭਾਗ ਦੇ ਮੈਦਾਨ ਤੇ ਮੱਧਿਅਮਾ ਤੇ ਅਨਾਮਿਕਾ ਨਾਲ ਜ਼ੋਰ ਦੀ ਚੋਟ ਲਗਾਉਣ ਨਾਲ 'ਘੇ' ਬੋਲ ਨਿਕਲਦਾ ਹੈ। ਇਸ ਤਰ੍ਹਾਂ ਤਰਜਨੀ ਨਾਲ ਵੀ ਇਹ ਬੋਲ ਵਜਾਇਆ ਜਾਂਦਾ ਹੈ। ਇਹ ਬੋਲ ਗੂੰਜਦਾਰ ਹੁੰਦਾ ਹੈ।

6. ਗੇ :- ਇਹ ਬੋਲ ਵੀ ਖੱਬੇ ਤਬਲੇ ਤੇ 'ਘੇ' ਦੀ ਤਰ੍ਹਾਂ ਵਜਾਇਆ ਜਾਂਦਾ ਹੈ ਲੇਕਿਨ ਇਹ ਬੋਲ ਮੈਦਾਨ ਨੂੰ ਦਬਾ ਕੇ ਤਰਜਨੀ ਨਾਲ ਮੈਦਾਨ ਤੇ ਵਜਾਇਆ ਜਾਂਦਾ ਹੈ। ਇਹ ਬੋਲ ਗੂੰਜ ਰਹਿਤ ਹੁੰਦਾ ਹੈ। ਇਹ ਬੋਲ ਅਕਸਰ 'ਧਾ' ਤੋਂ ਬਾਅਦ ਵਜਾਇਆ ਜਾਂਦਾ ਹੈ। ਕਾਇਦਿਆਂ ਵਿੱਚ ਵੀ ਇਸਦਾ ਪ੍ਰਯੋਗ ਜ਼ਿਆਦਾਤਰ ਹੁੰਦਾ ਹੈ।

7. ਕੇ, ਕ ਜਾਂ ਕਤ :- ਖੱਬੇ ਹੱਥ ਦੇ ਗੁੱਟ ਨੂੰ ਸਿਆਹੀ ਮੈਦਾਨ ਤੇ ਰੱਖਕੇ ਹੱਥ ਦੀਆਂ ਸਾਰੀਆਂ ਉਂਗਲਾਂ ਨੂੰ ਜ਼ੋਰ ਨਾਲ


# 1447/10, ਸੈਕਟਰ-65, ਐਸ.ਏ. ਐਸ. ਨਗਰ, ਚੰਡੀਗੜ੍ਹ।

ਮਾਰਨ ਨਾਲ 'ਕੇ' , 'ਕਿ' ਜਾਂ 'ਕਤ' ਬੋਲ ਨਿਕਲਦਾ ਹੈ। 'ਕਿ' ਜਾਂ 'ਕੇ' ਦਾ ਦੂਜਾ ਰੂਪ 'ਕੱਤ' ਸਿਆਹੀ ਤੇ ਪੂਰੇ ਪੰਜੇ ਨੂੰ ਜ਼ੋਰ ਨਾਲ ਝੁੱਗੀ ਤੇ ਮਾਰਨ ਨਾਲ ਇਹ ਬੋਲ ਨਿਕਲਦਾ ਹੈ। ਇਸ ਬੋਲ ਸਮੇਂ ਗੁੱਟ ਉਪਰ ਉੱਠਿਆ ਰਹੇ। ਕੇਵਲ 'ਪੰਜਾ' ਹੀ ਪ੍ਰਯੋਗ 'ਹੋਏ। 'ਕਿ' ਜਾਂ 'ਕਤ' ਬੋਲ ਦੇ ਨਿਕਾਸ ਦੇ ਹੋਰ ਵੀ ਕਈ ਤਰੀਕੇ ਹਨ ਜੋ ਤਬਲੇ ਦੇ ਵਿਸਥਾਰਿਤ ਬੋਲ ਤੇ ਨਿਰਭਰ ਕਰਦੇ ਹਨ, ਇਹ ਬੋਲ ਤਰਜਨੀ ਤੇ ਅਨਾਮਿਕਾ ਮੱਧਿਅਮਾ ਤੋਂ ਇਲਾਵਾ ਖੱਬੇ ਹੱਥ ਦੀਆਂ ਸਾਰੀਆਂ ਉਂਗਲਾਂ ਨੂੰ ਮੋੜਕੇ ਵੀ ਵਜਾਇਆ ਜਾਂਦਾ ਹੈ।

8. ਧਾ :- ਸੱਜੇ ਤਬਲੇ ਦੇ 'ਨਾ' ਜਾਂ 'ਤਾ' ਬੋਲ ਅਤੇ ਖੱਬੇ ਤਬਲੇ ਦੇ 'ਘੇ' ਜਾਂ 'ਗਾ' ਬੋਲ ਨੂੰ ਇੱਕੋ ਸਮੇਂ ਚੋਟ ਲਗਾਉਣ ਨਾਲ 'ਧਾ' ਬੋਲ ਨਿਕਲਦਾ ਹੈ। (ਨਾ ਜਾਂ ਤਾ + ਘੇ ਜਾਂ ਗਾ= ਧਾ)

9. ਧਿੰਨ :- ਇਹ ਬੋਲ ਵੀ 'ਤਿੰਨ' ਅਤੇ 'ਘੇ' ਜਾਂ 'ਗ' ਦੇ ਸੰਯੋਗ ਨੂੰ ਇੱਕੋ ਸਮੇਂ ਚੋਟ ਲਗਾਉਣ ਨਾਲ ਵਜਾਇਆ ਜਾਂਦਾ ਹੈ। 'ਧਿੰਨ' ਬੋਲ ਗੂੰਜਦਾਰ ਵੱਜੇਗਾ। (ਤਿੰਨ + ਘੇ ਜਾਂ ਗ = ਧਿੰਨ)

10. ਤਕ :- ਸੱਜੇ ਤਬਲੇ ਦੀ ਸਿਆਹੀ ਦੇ ਵਿਚਕਾਰ ਤਰਜਨੀ ਅਨਾਮਿਕਾ ਤੇ ਮੱਧਿਅਮਾ ਨੂੰ ਜੋੜ ਕੇ ਚੋਟ ਲਗਾਉਣ ਨਾਲ ਇਹ ਗੂੰਜ ਰਹਿਤ ਬੋਲ ਨਿਕਲੇਗਾ।

11. ਧੇਤ :- ਸੱਜੇ ਤਬਲੇ ਦੇ 'ਤੇ' ਅਤੇ ਖੱਬੇ ਤਬਲੇ ਦੇ 'ਘੇ' ਬੋਲ ਨੂੰ ਇਕੋ ਸਮੇਂ ਚੋਟ ਲਗਾਉਣ ਨਾਲ 'ਧੇਤ' ਵੱਜੇਗਾ। (ਤੇ + ਘੇ = ਧੇਤ)

12. ਧਿਟ :- 'ਧੇਤ' ਬੋਲ ਤੋਂ ਬਾਅਦ ਸੱਜੇ ਤਬਲੇ ਤੇ 'ਟ' ਬੋਲ ਤਰਜਨੀ ਵਜਾਉਣ ਨਾਲ 'ਧਿਟ' ਬੋਲ ਵੱਜੇਗਾ।

13. ਤਿਟ :- 'ਤਿ' ਜਾਂ 'ਤੇ' ਤੋ ਬਾਅਦ 'ਟ' ਬੋਲ ਵਜਾਉਣ ਨਾਲ 'ਤਿਟ' ਬੋਲ ਨਿਕਲਦਾ ਹੈ।

14. ਧਾਗੇ :- 'ਧਾ' ਤੋਂ ਬਾਅਦ 'ਗੇ' ਬੋਲ ਖੱਬੇ ਤਬਲੇ ਤੇ ਤਰਜਨੀ ਨਾਲ ਵੱਜੇਗਾ।

15. ਧਿਨਾਂ:- 'ਤੂੰ' ਅਤੇ 'ਘੇ' ਬੋਲ ਨੂੰ ਇਕੱਠਾ ਵਜਾ ਕੇ ਕਿਨਾਰ ਤੇ 'ਨਾ' ਤਰਜਨੀ ਨਾਲ ਵਜਾਇਆ ਜਾਂਦਾ ਹੈ (ਖੁੱਲਾ ਬੋਲ)

16. ਗਿਨਾਂ :- 'ਗੇ' ਬੋਲ ਤੋਂ ਬਾਅਦ 'ਨਾਂ' ਕਿਨਾਰ ਤੇ ਵੱਜੇਗਾ।

17. ਕਿਟ :- ਖੱਬੇ ਹੱਥ ਤੇ ਪੰਜੇ ਨਾਲ 'ਕਿ' ਤੋਂ ਬਾਅਦ 'ਟ' ਬੋਲ ਨੂੰ ਸਿਆਹੀ ਤੇ ਚੋਟ ਲਗਾਉਣ ਨਾਲ ਨਿਕਲੇਗਾ।

18. ਧਿਨ :- ਇਹ ਬੋਲ 'ਧਿਨ' ਗੂੰਜਦਾਰ ਬੋਲ ਵਾਂਗ ਹੀ ਵਜੇਗਾ ਲੇਕਿਨ 'ਨਾਂ' ਕਿਨਾਰ ਤੇ ਵਜਾਉਣ ਦੀ ਬਜਾਏ ਸਿਆਹੀ ਦੇ ਸ਼ੁਰੂ ਤੇ 'ਅਨਾਮਿਕਾ ਤੇ ਮੱਧਿਅਮਾ ਨਾਲ ਵਜੇਗਾ। 'ਨ' ਬੋਲ ਹਲੰਤ ਹੋਵੇਗਾ।

19. ਕਤਾ :- ਖੱਬੇ ਤਬਲੇ ਦੇ 'ਕ' ਦੇ ਬਾਅਦ ਸੱਜੇ ਤਬਲੇ ਤੇ ਤਿੰਨ ਬੋਲ ਵਜਾਉਣ ਨਾਲ 'ਕਤਾ' ਬੋਲ ਨਿਕਲਦਾ ਹੈ। 'ਕਤਾ' 'ਚ 'ਕ' ਸਿਆਹੀ ਤੇ 'ਤੱਕ' ਤੋਂ ਬਾਅਦ 'ਤਿੰਨਾ' ਵਜਾਉਣ ਦਾ ਰਿਵਾਜ ਹੈ।

20. ਘੇਘੇ :- ਖੱਬੇ ਤਬਲੇ ਤੇ ਅਨਾਮਿਕਾ ਤੇ ਮੱਧਿਅਮਾ ਨਾਲ ਅਤੇ ਤਰਜਨੀ ਨਾਲ 'ਘੇ' ਲਗਾਤਾਰ ਵਜਾਉਣ ਨਾਲ ਇਹ ਬੋਲ ਵਜੇਗਾ। ਲੋੜ ਅਨੁਸਾਰ ਉਲਟਾ ਵੀ ਵੱਜਦਾ ਹੈ।

21. ਧਾਟ :- 'ਧਾ' ਤੋਂ ਬਾਅਦ 'ਟ' ਮੱਧਿਅਮਾ ਨਾਲ ਸੱਜੇ ਤਬਲੇ ਦੇ ਵਜਾਉਣ ਨਾਲ 'ਧਾਟ' ਵਜੇਗਾ।

22. ਤਕਿਟ:- 'ਤੇ' ਤੋਂ ਬਾਅਦ 'ਕਿਟ' ਵਜਾਉਣ ਨਾਲ ਤਿੰਨ ਜਰਬ ਦਾ ਬੋਲ 'ਤਕਿਟ' ਵੱਜੇਗਾ।

23. ਧਾ-ਨ :- 'ਧਾ' ਵਜਾ ਕੇ ਇਕ ਜਰਬ ਰੁੱਕ ਕੇ 'ਨ' ਸੱਜੇ ਤਬਲੇ ਦੀ ਸਿਆਹੀ ਦੇ ਸ਼ੁਰੂ ਦੇ ਭਾਗ 'ਚ ਅਨਾਮਿਕਾ ਤੇ ਮੱਧਿਅਮਾਂ ਨਾਲ 'ਨ' ਹਲੰਤ ਬੋਲ ਵਜਾਉਣ ਨਾਲ ਇਹ ਬੋਲ ਵੱਜੇਗਾ।

24. ਧਿਨਧਿ :- 'ਧਿਨ' ਤੋਂ ਬਾਅਦ 'ਧਿ' ('ਤੂ' ਤੇ 'ਘੇ' ਇਕੱਠੇ ) ਲਗਾਤਾਰ ਵਜਾਉਣ ਨਾਲ ਇਹ ਬੋਲ ਨਿਕਲਦਾ ਹੈ।

25. ਨਾਗਿਨਾਂ :- 'ਨਾ' ਕਿਨਾਰ ਤੇ 'ਗੇ' ਖੱਬੇ ਤਬਲੇ ਤੇ ਅਤੇ 'ਨਾਂ' ਕਿਨਾਰ ਤੇ ਵੱਜੇਗਾ।

26. ਧਾਗੇਨਾ :- 'ਧਾਗੇ' ਤੋਂ ਬਾਅਦ 'ਨਾ' ਕਿਨਾਰ ਤੇ ਵਜਾਉਣ ਨਾਲ ਇਹ ਬੋਲ ਨਿਕਲੇਗਾ।

27. ਕਤਿਕ :- 'ਕ' ਖੱਬੇ ਤਬਲੇ ਅਤੇ 'ਤੇ' ਸੱਜੇ ਤਬਲੇ ਉੱਤੇ, 'ਕ' ਨੂੰ ਸੱਜੇ ਤਬਲੇ ਤੇ 'ਟ' ਵਜਾਉਣ ਨਾਲ ਕਤਿਕ ਬੋਲ ਵੱਜੇਗਾ।

28. ਧਾੜਾਗੇ :- 'ਧਾ' ਤੋਂ ਬਾਅਦ 'ੜਾ' ਬੋਲ ਕਿਨਾਰ ਤੇ 'ਨਾ' ਜਾਂ 'ਤਾ' ਵਾਂਗੂ ਵਜੇਗਾ ਤੇ 'ਗ' ਖੱਬੇ ਤਬਲੇ ਤੇ ਖੱਬੇ ਹੱਥ ਦੀ ਤਰਜਨੀ ਨਾਲ ਬੋਲ ਵੱਜੇਗਾ।

29. ਘੇਨਕ :- 'ਘੇ' ਖੱਬੇ ਤਬਲੇ ਤੇ ਅਨਾਮਿਕਾ ਤੇ ਮੱਧਿਅਮਾ ਦੇ ਨਾਲ, 'ਨ' ਕਿਨਾਰ ਤੇ 'ਕ' ਖੱਬੇ ਤਬਲੇ ਤੇ ਵੱਜੇਗਾ।

30. ਧਾਤਿਕ :- 'ਧਾਕਿਟ' ਬੋਲ ਹੀ ਵਜੇਗਾ ਲੇਕਿਨ ਉਚਾਰਣ 'ਚ 'ਧਾਤਿਕ' ਹੋਵੇਗਾ।

31. ਧਿਕਿਟ :- 'ਧੇਤ' ਤੋਂ ਬਾਅਦ ਉਲਟਾ 'ਤਿਟ' ਵੱਜੇਗਾ ਜੋ 'ਧਿਕਿਟ' ਬਣੇਗਾ।

32. ਘਿੜਨਾਗ :- ਖੱਬੇ ਤਬਲੇ ਤੇ 'ਘੇ', ਸੱਜੇ ਤਬਲੇ ਤੇ ਮੱਧਿਅਮਾ ਨਾਲ ਸਿਆਹੀ ਤੇ 'ੜ' ਕਿਨਾਰ ਤੇ 'ਨਾ' ਅਤੇ 'ਰ' ਖੁੱਲਾ ਵੱਜੇਗਾ।

33. ਕਿਟਤਕ :- 'ਕਿ', ਖੱਬੇ ਤਬਲੇ ਤੇ, 'ਟ' ਨੂੰ 'ਤੇ' ਬੋਲ ਵਾਂਗੂ 'ਤ' ਸੱਜੇ ਤਬਲੇ ਤੇ ਸਿਆਹੀ ਤੇ ਤਰਜਨੀ ਨਾਲ 'ਟ' ਦੀ ਤਰ੍ਹਾਂ ਅਤੇ 'ਕ' ਖੱਬੇ ਤਬਲੇ ਤੇ ਵਜਾਉਣ ਨਾਲ 'ਕਿਟਤਕ' ਬੋਲ ਨਿਕਲਦਾ ਹੈ।

34. ਤਿਰਕਿਟ :- 'ਤਿਟ' ਤੋਂ ਬਾਅਦ 'ਕਿਟ' ਵਜਾਉਣ ਨਾਲ 'ਤਿਰਕਿਟ' ਬਣੇਗਾ।

35. ਤਿਟਤਿਟ :- 'ਤਿਟ' ਨੂੰ ਦੋ ਵਾਰ ਵਜਾਇਆ ਜਾਏਗਾ।

36. ਧਿਰਧਿਰ :- ਸੱਜੇ ਤਬਲੇ ਤੇ ਸੱਜੇ ਹੱਥ ਦੇ ਖੱਬੇ ਭਾਗ ਦੀ ਹਥੇਲੀ ਅਤੇ ਖੱਬੇ ਤਬਲੇ ਦੇ 'ਘੇ' ਬੋਲ ਨੂੰ ਇਕੱਠਿਆਂ ਅਤੇ ਸੱਜੇ ਤਬਲੇ ਦੀ ਹਥੇਲੀ ਦੇ ਸੱਜੇ ਭਾਗ ਨੂੰ ਸਿਆਹੀ ਤੇ ਵਜਾਉਣ ਨਾਲ 'ਧਿਰ' ਬੋਲ ਵਜੇਗਾ, ਦੂਜੀ ਵਾਰ ਖਾਲੀ ਹਥੇਲੀ ਦੇ ਸੱਜੇ ਭਾਗ ਨਾਲ 'ਤਿ' ਅਤੇ ਖੱਬੇ ਭਾਗ ਨਾਲ 'ਰ' ਜੋ 'ਤਿਰ' ਬੋਲ ਵਜੇਗਾ। ਵਜਾਉਣ 'ਚ 'ਧਿਰਤਿਰ' ਬੋਲ ਵਜੇਗਾ ਤੇ ਬੋਲਣ 'ਚ 'ਧਿਰਧਿਰ' ਹੋਵੇਗਾ।

37. ਕਤਕਤਾ :- 'ਕਿਟ' ਤੋਂ ਬਾਅਦ 'ਕਤਾ' ਵਜਾਉਣ ਨਾਲ 'ਕੱਤ ਕਤਾ' ਬੋਲ ਬਣੇਗਾ।

38. ਕੜਾ-ਨ :- 'ਕ' ਖੱਬੇ ਤਬਲੇ ਦੀ ਸਿਆਹੀ ਤੇ ਪੰਜੇ, ਨਾਲ, ਸੱਜੇ ਤਬਲੇ ਦੇ 'ਤਿਨ' ਬੋਲ ਨੂੰ ਹੀ 'ੜ' ਵੱਜੇਗਾ ਅਤੇ

ਇਕ ਜਬਰ ਦਾ ਠਹਿਰਾਓ ਦੇ ਕੇ 'ਨ' ਹਲੰਤ ਸੱਜੇ ਤਬਲੇ ਦੀ ਸਿਆਹੀ ਤੇ ਅਨਾਮਿਕਾ ਤੇ ਮੱਧਿਅਮਾ ਨਾਲ ਵੱਜੇਗਾ।

39. ਧੜਾ-ਨ :- 'ਧ' ਸੱਜੇ ਤਬਲੇ ਦੀ ਕਿਨਾਰ ਤੇ ਅਨਾਮਿਕਾ ਤੇ ਮਾਧਿਅਮ ਨਾਲ ਅਤੇ 'ਘੇ' ਇੱਕਠੇ, 'ੜ' ਸਜੇ ਤਬਲੇ ਦੀ ਕਿਨਾਰ ਤੇ ਤਰਜਨੀ ਨਾਲ ਅਤੇ 'ਨ' ਹਲੰਤ ਵੱਜੇਗਾ।

40. ਧਿਟਧਿਟ :- 'ਧੇਤ' ਵਜਾਕੇ 'ਟ' ਸੱਜੇ ਤਬਲੇ ਤੇ ਤਰਜਨੀ ਨਾਲ ਵਜੇਗਾ ਜੋ 'ਧਿਟ' ਬੋਲ ਕਹਿਲਾਏਗਾ।

41. ਕਿਟਨਕ :- 'ਕਿਟ' ਤੋਂ ਬਾਅਦ 'ਨਾ' ਕਿਨਾਰ ਤੇ ਅਤੇ 'ਕ' ਖੱਬੇ ਤਬਲੇ ਤੇ ਵੱਜੇਗਾ।

42. ਤ-ਕਿੜ :- 'ਤੇ' ਦੀ ਤਰ੍ਹਾਂ 'ਤ' ਵਜਾਉਣਾ ਹੈ ਅਤੇ ਇਕ ਜਰਬ ਦੇ ਠਹਿਰਾਉ ਤੋਂ ਬਾਅਦ 'ਕਿਟ' ਵਜਾਉਣ ਨਾਲ 'ਤ-ਕਿੜ' ਬੋਲ ਵੱਜੇਗਾ।

43. ਤੀ-ਕੜ :- 'ਤੀ' ਬੋਲ ਸੱਜੇ ਤਬਲੇ ਤੇ 'ਟ' ਦੀ ਤਰ੍ਹਾਂ ਇੱਕ ਜਰਬ ਦਾ ਠਹਿਰਾਉ ਤੋਂ ਬਾਅਦ 'ਕਿਟ' ਵਜਾਉਣ ਨਾਲ 'ਤੀ-ਕੜ' ਵੱਜੇਗਾ।

44. ਘੇਨਾ-ਨ :- 'ਘੇ' ਤੋਂ ਬਾਅਦ 'ਨਾਂ' ਬੋਲ ਵਜਾ ਕੇ ਇੱਕ ਜਰਬ ਦੇ ਠਹਿਰਾਉ ਤੋਂ ਬਾਅਦ 'ਨ' ਹਲੰਤ ਵੱਜੇਗਾ ਸਿਆਹੀ ਤੇ। ਇਸ ਨੂੰ 'ਘੇੜਾ-ਨ' ਵੀ ਕਹਿੰਦੇ ਹਨ।

45. ਧਾੜਗਿਨ :- ਇਹ ਬੋਲ ਦੋ ਤਰੀਕਿਆਂ ਨਾਲ ਵੱਜਦਾ ਹੈ। 'ਧਾ' ਤੋਂ ਬਾਅਦ 'ੜਾ' ਕਿਨਾਰ ਤੇ, 'ਗਿ' ਖੱਬੇ ਤਬਲੇ ਤੇ ਅਤੇ 'ਨ' ਹਲਤ ਸਿਆਹੀ ਤੇ ਵੱਜੇਗਾ। ਦੂਜੇ ਤਰੀਕੇ ਅਨੁਸਾਰ 'ਧਾ' ਤੋਂ ਬਾਅਦ 'ੜ' ਮੱਧਿਅਮਾ ਨਾਲ ਸੱਜੇ ਤਬਲੇ ਦੀ ਸਿਆਹੀ ਤੇ, 'ਗਿ' ਖੱਬੇ ਤਬਲੇ ਤੇ ਅਤੇ 'ਨ' ਹਲਤ ਸਿਆਹੀ ਤੇ ਅਨਾਮਿਕਾ ਨਾਲ ਵਜਾਉਣ ਨਾਲ 'ਧਾੜਗਿਨ' ਬੋਲ ਵੱਜੇਗਾ ਜੋ ਦਰੁੱਤ ਲੈਅ 'ਚ ਪ੍ਰਯੋਗ ਹੋਵੇਗਾ।

46. ਗਦੀਗੇਨਾ :- 'ਗ' ਖੱਬੇ ਤਬਲੇ ਤੇ 'ਘੇ' ਦੀ ਤਰ੍ਹਾਂ 'ਦੀ' ਸੱਜੇ ਤਬਲੇ ਉਤੇ, 'ਗੇ' ਖੱਬੇ ਤਬਲੇ ਤੇ ਤਰਜਨੀ ਨਾਲ ਖੁਲਾ ਅਤੇ 'ਨ' ਸੱਜੇ ਤਬਲੇ ਤੇ ਅਨਾਮਿਕਾ ਤੇ ਮੱਧਿਅਮਾ ਨਾਲ ਹਲੰਤ ਵੱਜੇਗਾ।

47. ਕਿੜਧਾਤਿਟ :- 'ਕਿਟ' ਵਜਾਕੇ 'ਧਾ' ਤੋਂ ਬਾਅਦ 'ਤਿਟ' ਵਜਾਉਣ ਨਾਲ 'ਕਿੜਧਾ-ਤਿਟ' ਬੋਲ ਵੱਜੇਗਾ।

48. ਤਾਗੇ-ਨ :- 'ਤਾ' ਸੱਜੇ ਤਬਲੇ ਦੇ ਮੈਦਾਨ ਵਿੱਚ 'ਤਿੰਨ' ਦੀ ਤਰ੍ਹਾਂ, 'ਗੇ' ਨੂੰ 'ਕੇ' ਬੋਲ ਵਜਾਉਣਾ ਹੈ, ਅਤੇ ਇੱਕ ਜਰਬ ਦਾ ਠਹਿਰਾਉ ਦੇਣ ਤੋਂ ਬਾਅਦ 'ਨ' ਸਿਆਹੀ ਤੇ ਹਲੰਤ ਅਨਾਮਿਕਾ ਤੇ ਮੱਧਿਅਮਾ ਨਾਲ ਵੱਜੇਗਾ।

49. ਧਿਰਧਿਰਕਿਟਤਕ :- 'ਧਿਰਤਿਰ' ਵਜਾਉਣ ਤੋਂ ਬਾਅਦ 'ਕਿਟਤਕ' ਵਜਾਇਆ ਜਾਵੇਗਾ।

50. ਤਕ ਕੜਾ-ਨ :- 'ਤਕ' ਸੱਜੇ ਤਬਲੇ ਤੇ 'ਕੜ-ਨ' ਬੋਲ ਨੰ: 38 ਦੀ ਤਰ੍ਹਾਂ ਵੱਜੇਗਾ।

ਤਬਲੇ ਅਤੇ ਪਖਾਵਜ ਦੇ ਗਿਣੇ-ਚੁਣੇ ਬੋਲਾਂ ਦੇ ਕਈ ਨਿਕਾਸ ਹਨ, ਜੋ ਬੋਲ ਦੀ ਨਿਰੰਤਰਤਾ ਤੇ ਨਿਰਭਰ ਕਰਦੇ ਹਨ ਜਿਵੇਂ:- 'ਨਾ' ਬੋਲ ਕਿਨਾਰ, ਕਿਨਾਰ ਤੇ ਮੈਦਾਨ ਦੇ ਵਿਚਕਾਰ, ਸਿਆਹੀ ਅਤੇ ਕਿਨਾਰ ਤੇ, ਮਧਿਆਮਾ 'ਤੇ ਅਨਾਮਿਕਾ ਰਾਹੀਂ ਅਤੇ ਤਰਜਨੀ ਨਾਲ ਆਦਿ ਇਕ ਹੀ ਬੋਲ ਦੇ ਨਿਕਾਸ ਅਲੱਗ-ਅਲੱਗ ਹਨ। 'ਤਿਟ' ਦਾ ਨਿਕਾਸ ਵੀ ਅਗਲੇ ਬੋਲ ਦੇ ਹਿਸਾਬ ਨਾਲ ਉਲਟਾ ਹੋ ਜਾਂਦਾ ਹੈ। 'ਕਤ' ਵੀ ਖੱਬੇ ਤੇ ਸੱਜੇ ਤਬਲੇ ਦੀ ਸਿਆਹੀ ਤੇ ਨਿਕਾਸਿਤ ਹੁੰਦਾ ਹੈ। ਉਚਾਰਣ ਦੀ ਸੁਹਲੀਅਤ ਲਈ ਕਈ ਵਾਰ ਨਿਕਾਸ ਕੁਝ ਹੋਰ ਹੁੰਦਾ ਹੈ ਤੇ ਮੂੰਹ ਤੋਂ ਉਸ ਦਾ ਉਚਾਰਣ ਕੁਝ ਹੋਰ ਹੁੰਦਾ ਹੈ। ਜਿਵੇਂ :-

| ਉਚਾਰਣ ਦੇ ਬੋਲ | ਨਿਕਾਸ ਦੇ ਬੋਲ |
|---|---|
| 1. ਧਾਤਿਕ | ਧਾਤਿਟ |
| 2. ਧਿਕਿਟ | ਧੇਤਿਟ |
| 3. ਤਿਟਾ (ਕੱਤਾ) | ਤੇਤਿੰ |
| 4. ਧਾੜਾ | ਧਾਤਾ |
| 5. ਤਕੜ | ਤੇਕਿਟ |
| 6. ਧਿਰਧਿਰ | ਧਿਰਤਿਰ |
| 7. ਕਤਿਕ | ਕਤਿਟ |
| 8. ਤਾਗੇ | ਤਿੰਨਕੇ |
| 9. ਕੜਾ-ਨ | ਕਤਿੰ-ਨ |
| 10. ਘੇੜਾਨ | ਘੇਨਾ-ਨ |

ਇਉਂ ਜਾਪਦਾ ਹੈ ਕਿ ਜਿਵੇਂ ਬੋਲਾਂ ਦੇ ਨਿਕਾਸ ਨੂੰ ਛੁਪਾਉਣ ਲਈ ਉਚਾਰਣ ਵਿੱਚ ਫਰਕ ਕਰ ਦਿੱਤਾ ਗਿਆ ਹੈ। ਕਿਉਂਕਿ ਸੰਗੀਤ ਦੇ ਇਤਿਹਾਸਕ ਪਿਛੋਕੜ ਵੱਲ ਝਾਤ ਮਾਰੀਏ ਤਾਂ ਸੰਗੀਤ ਦੀ ਸਿੱਖਿਆ ਉਸਤਾਦ ਸਹਿਬਾਨਾਂ ਵੱਲੋਂ ਆਪਣੇ ਸ਼ਗਿਰਦਾਂ ਨੂੰ ਮੌਖਿਕ ਤੌਰ ਤੇ ਵਿਸ਼ੇਸ਼ ਪਰੰਪਰਾ ਅਨੁਸਾਰ ਹੀ ਦਿੱਤੀ ਜਾਂਦੀ ਰਹੀ ਹੈ, ਤੇ ਸ਼ਗਿਰਦ ਬਹੁਤ ਸੇਵਾ ਭਾਵਨਾਂ ਤੇ ਘਾਲਣਾ ਸਦਕਾ ਉਸਤਾਦ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਦੇ। ਤਾਲੀਮ ਗ੍ਰਹਿਣ ਕਰਨ ਵਾਸਤੇ ਉਸਤਾਦ ਜੀ ਨੂੰ ਜੀਵਨ ਸਮਰਪਿਤ ਕਰਨਾ ਪੈਂਦਾ ਸੀ, ਜੋ ਕਿ ਕਠਿਨ ਕੰਮ ਸੀ। ਇਸ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਉਸਤਾਦ ਸਾਹਿਬਾਨ ਆਪਣੇ ਸ਼ਗਿਰਦਾਂ ਨੂੰ ਸੰਗੀਤ ਦੀ ਮੌਖਿਕ ਤਾਲੀਮ ਦੇ ਕੇ ਪ੍ਰਚਾਰ ਤੇ ਸੰਭਾਲ ਕਰਦੇ ਸਨ। ਫਿਰ ਵੀ ਉਸਤਾਦ ਸਹਿਬਾਨ ਕੁਝ ਭੇਦ ਰੱਖ ਲੈਂਦੇ, ਹੋ ਸਕਦਾ ਹੈ, ਇਸੇ ਪ੍ਰਕਾਰ ਸ਼ਾਇਦ ਉਸਤਾਦ ਸਹਿਬਾਨਾਂ ਵੱਲੋਂ ਤਬਲੇ ਦੇ ਬੋਲਾਂ ਦੇ ਨਿਕਾਸ ਤੇ ਉਚਾਰਣ 'ਚ ਭੇਦ ਰੱਖ ਲਿਆ ਹੋਵੇ ਤਾਂ ਅਤਿ ਕਥਨੀ ਨਹੀਂ ਹੋਵੇਗੀ।

ਇੰਝ ਵੀ ਹੋ ਸਕਦਾ ਹੈ ਕਿ ਸੋਲੋ ਤਬਲਾ ਵਾਦਨ, ਤਾਲ ਕਚਹਿਰੀ ਜਾਂ ਜੁਗਲਬੰਦੀ ਸਮੇਂ ਬੋਲਾਂ ਦੇ ਉਚਾਰਣ ਦੀ ਸਹੂਲੀਅਤ ਲਈ ਬੋਲਾਂ ਦੇ ਉਚਾਰਣ ਤੇ ਨਿਕਾਸ ਵਿੱਚ ਫਰਕ ਪਾ ਦਿੱਤਾ ਗਿਆ ਹੋਵੇ। ਜਿਵੇਂ ਮਰਜ਼ੀ ਹੋਵੇ, ਬੋਲਾਂ ਦੇ ਨਿਕਾਸ ਤੇ ਪੜ੍ਹੰਤ ਦੀ ਪ੍ਰੰਪਰਾ ਤਾਂ ਸਦੀਆਂ ਤੋਂ ਹੀ ਚਲਦੀ ਆ ਰਹੀ ਹੈ।

ਇਹੋ ਹੀ ਪ੍ਰੰਪਰਾਗਤ ਵਾਦਨ ਸ਼ੈਲੀ ਬਾਜ ਜਾਂ ਘਰਾਣਾ ਅਖਵਾਉਂਦੀ ਹੈ।

ਅੰਤ ਵਿੱਚ ਪਾਠਕਾਂ ਤੇ ਸੰਗੀਤ ਵਿਦਿਆਰਥੀਆਂ ਨੂੰ ਸੁਝਾਅ ਦਿੱਤਾ ਜਾਂਦਾ ਹੈ ਕਿ ਉਹ ਕਿਸੇ ਪ੍ਰੰਪਰਾਗਤ ਤਬਲਾ ਵਾਦਕ ਨਿਗਰਾਨੀ ਹੇਠ ਤਬਲੇ ਦੇ ਬੋਲਾਂ ਦੇ ਨਿਕਾਸ ਦੇ ਢੰਗ-ਤਰੀਕੇ ਸਮਝ ਕੇ ਇਸ ਲੇਖ ਦਾ ਫਾਇਦਾ ਉਠਾ ਸਕਦੇ ਹਨ, ਕਿਉਂਕਿ ਤਬਲੇ ਦੇ ਨਿਕਾਸ ਤੋਂ ਪਹਿਲਾਂ ਤਬਲੇ ਦਾ ਠੀਕ ਰੱਖ-ਰੱਖਾਵ, ਸੱਜੇ-ਖੱਬੇ ਹੱਥ ਦਾ ਰੱਖ ਰਖਾਵ, ਅਤੇ ਤਬਲੇ ਦੀ ਸਹੀ ਬੈਠਕ ਆਦਿ ਤੇ ਤਬਲੇ ਦੇ ਬੋਲਾਂ ਦਾ ਨਿਕਾਸ ਨਿਰਭਰ ਕਰਦਾ ਹੈ।

# ਗੁਰਬਾਣੀ ਦੇ ਚਾਨਣ ਵਿੱਚ ਉਦਮ

## ਡਾ. ਜਾਗੀਰ ਸਿੰਘ

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।
(ਨਟ ਮਹਲਾ ੪ ਪੰਨਾ, ੯੮੨)

ਗੁਰੂ ਸ਼ਬਦ ਦਾ ਅਰਥ ਵੀ ਹਨੇਰਾ ਦੂਰ ਕਰਨ ਵਾਲਾ ਹੈ ਅਤੇ ਗੁਰਬਾਣੀ ਬਾਰੇ ਵੀ ਅਜਿਹਾ ਵਿਚਾਰ ਦਿੱਤਾ ਗਿਆ ਹੈ:

ਗੁਰਬਾਣੀ ਇਸੁ ਜਗ ਮਹਿ ਚਾਨਣੁ, ਕਰਮਿ ਵਸੈ ਮਨਿ ਆਏ।
(ਸਿਰੀ ਰਾਗ ਮਹਲਾ ੩, ਪੰਨਾ ੬੭)

ਗੁਰਬਾਣੀ ਰੂਪੀ ਗੁਰੂ ਤੋਂ ਬਿਨਾ ਹਨੇਰਾ ਦੂਰ ਨਹੀਂ ਹੋ ਸਕਦਾ ਗੁਰੂ ਅੰਗਦ ਦੇਵ ਜੀ ਦਾ ਵਾਕ ਹੈ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।
ਏਤੇ ਚਾਨਣ ਹੋਦਿਆ ਗੁਰ ਬਿਨ ਘੋਰ ਅੰਧਾਰ।
(ਸਲੋਕ ਮਹਲਾ ੨ ਪੰਨਾ ੪੬੩)

ਜਿਸ ਨੂੰ ਇਹ ਚਾਨਣ ਹੋ ਜਾਂਦਾ ਹੈ ਉਹ ਆਪਣੇ ਜੀਵਨ ਦਾ ਇੱਕ ਪਲ ਵੀ ਵਿਅਰਥ ਨਹੀਂ ਗੁਆਉਣਾ ਚਾਹੁੰਦਾ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ:

ਮਾਨਸ ਜਨਮ ਦੁਲੰਭ ਹੈ ਹੋਤ ਨਾ ਬਾਰੰਬਾਰ।
ਜਿਉ ਬਨ ਫਲ ਪਾਕੇ ਭੋਇੰ ਗਿਰੇ ਬਹੁਰ ਨ ਲਾਗੈ ਡਾਰਿ।
(ਵਡਹੰਸ ਮਹਲਾ ੬ ਪੰਨਾ ੫੬੫)

ਗੁਰੂ ਦੀ ਮਤ ਧਾਰਨ ਕਰਨ ਵਾਲਾ ਅਜਿਹਾ ਮਨੁੱਖ ਜਾਣਦਾ ਹੈ ਕਿ ਜੀਵਨ ਪਲ ਪਲ ਬੀਤ ਰਿਹਾ ਹੈ। ਮੌਤ ਦਾ ਸ਼ਿਕਾਰੀ ਜੀਵਨ ਨੂੰ ਆਪਣੇ ਜਬਾੜਿਆਂ ਵਿੱਚ ਹੱੜਪਣ ਲਈ ਭੱਜ ਦੌੜ ਕਰ ਰਿਹਾ ਹੈ:

ਦਿਨ ਤੇ ਪਹਰ ਪਹਰ ਤੇ ਘੜੀਆ ਆਵ ਘਟੈ ਤਨ ਛੀਜੈ।
ਕਾਲ ਅਹੇਰੀ ਫਿਰੈ ਬਧਕ ਜਿਉ ਕਹੁ ਕਉਨ ਬਿਧ ਕੀਜੈ।
(ਧਨਾਸਰੀ ਕਬੀਰ ਪੰਨਾ ੬੯੧)

ਮਨੁੱਖ ਦਾ ਅਸਲ ਡਰ ਮੌਤ ਦਾ ਡਰ ਹੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਮੌਤ ਹੀ ਜੀਵਨ ਦੇ ਕੀਮਤੀ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਮੌਤ ਜ਼ਿੰਦਗੀ ਦੇ ਸਾਹਾਂ ਨੂੰ ਸੀਮਤ ਕਰਦੀ ਹੈ। ਇਹ ਮਹਿਸੂਸ ਕਰਦਿਆਂ ਹੀ ਮਨੁੱਖ ਨੂੰ ਬਾਬਾ ਫਰੀਦ ਜੀ ਵਾਂਗ ਖਿਆਲ ਆਉਂਦਾ ਹੈ:

ਜੇ ਜਾਣਾ ਤਿਲ ਥੋੜੜੇ ਸੰਮਲ ਬੁਕ ਭਰੀ।
(ਸਲੋਕ-ਫਰੀਦ ਜੀ, ਪੰਨਾ ੧੩੭੮)

ਇਹ ਸਾਹ ਵਿਅਰਥ ਨਾ ਜਾਣ ਇਸ ਲਈ ਹੀ ਮਨੁੱਖ ਉਦਮ ਕਰਦਾ ਹੈ। ਉਦਮ ਦੇ ਸ਼ਾਬਦਿਕ ਅਰਥ ਹਨ- ਮਿਹਨਤ, ਜਤਨ, ਕੋਸ਼ਿਸ਼, ਪੁਰਸ਼ਾਰਥ। ਪਰ ਇਹ ਉਦਮ ਕਿਸ ਵਾਸਤੇ ਕਰਨਾ ਹੈ? ਇਸ ਮਿਹਨਤ ਦਾ ਮੰਤਵ ਕੀ? ਇਹ ਸਪਸ਼ਟ ਹੋਣਾ ਵੀ ਜ਼ਰੂਰੀ ਹੈ।

ਅਜੋਕੇ ਭਾਰਤੀ ਸਮਾਜ ਵਿੱਚ ਆਮ ਤੌਰ ਤੇ ਮਿਹਨਤ ਅਤੇ ਉਦਮ ਇਸ ਲਈ ਕੀਤਾ ਜਾਂਦਾ ਹੈ ਕਿ ਕੱਲ੍ਹ ਨੂੰ ਉਦਮ ਕਰਨ ਤੋਂ ਬਚ ਜਾਈਏ। ਅੱਜ ਕਮਾਈਏ ਅਤੇ ਕੱਲ੍ਹ ਨੂੰ ਵਿਹਲੇ ਬੈਠ ਕੇ ਖਾਈਏ। ਇੱਥੋਂ ਤੱਕ ਕਿ ਅਜੇ ਵੀ ਆਮ ਜਨਤਾ ਉਹਨਾਂ ਸਾਧਾਂ ਸੰਤਾਂ ਦਾ ਬਹੁਤ ਸਤਿਕਾਰ ਕਰਦੀ ਹੈ ਜਿਹੜੇ ਵਿਹਲੇ ਬੈਠ ਕੇ ਖਾਂਦੇ ਹਨ ਗੁਰਬਾਣੀ ਅਜਿਹੇ ਕੰਮਾਂ ਜਾਂ ਉੱਦਮ ਦੇ ਹੱਕ ਵਿੱਚ ਨਹੀਂ ਉਹ ਤਾਂ ਅਜਿਹੇ ਕੰਮ ਕਰਨ ਲਈ ਕਹਿੰਦੀ ਹੈ ਜਿਹੜੇ ਪ੍ਰਾਮਤਮਾ ਨਾਲ ਜੋੜਨ। ਕੋਈ ਪ੍ਰਸ਼ਨ ਕਰੇਗਾ ਕਿ ਪ੍ਰਮਾਤਮਾ ਕਿੱਥੇ ਹੈ? ਇਸ ਦਾ ਉੱਤਰ ਵੀ ਬਾਣੀ ਵਿੱਚ ਬੜਾ ਸਪਸਟ ਹੈ:

ਫਰੀਦਾ ਖਾਲਕ ਖਲਕ ਮਹਿ ਖਲਕ ਵਸਹਿ ਰਬ ਮਾਹਿ।
ਮੰਦਾ ਕਿਸਨੋ ਆਖੀਐ ਜਾ ਤਿਸ ਬਿਨ ਕੋਈ ਨਾਹਿ।
(ਸਲੋਕ ਫਰੀਦ, ਪੰਨਾ ੧੩੮੧)

ਇਸ ਖਲਕਤ ਨਾਲ ਇੱਕ ਸੁਰ ਹੋਣਾ ਪ੍ਰਮਾਤਮਾ ਨਾਲ ਇੱਕ ਸੁਰ ਹੋਣਾ ਹੈ। ਖਲਕਤ ਦੀ ਸੇਵਾ ਕਰਨਾ ਪ੍ਰਮਾਤਮਾ ਦੀ ਸੇਵਾ ਕਰਨਾ ਹੈ। ਖਲਕਤ ਨੂੰ ਪ੍ਰੇਮ ਕਰਨਾ ਪ੍ਰਮਾਤਮਾ ਨੂੰ ਪ੍ਰੇਮ ਕਰਨਾ ਏ: ਗੁਰੂ ਗੋਬਿੰਦ ਸਿੰਘ ਜੀ ਵੀ ਬਾਕੀ ਉਦਮਾਂ ਦੀ ਨਿਖੇਧੀ ਕਰਦਿਆਂ ਪ੍ਰੇਮ ਕਰਨ ਦੀ ਪ੍ਰੇਰਨਾ ਦਿੰਦੇ ਹਨ:

ਕਹਾ ਭਇਓ ਜੁ ਦੋਊ ਲੋਚਨ ਮੂਦ ਕੈ ਬੈਠ ਰਹਿਓ ਬਗ ਧਿਆਨ ਲਗਾਇਓ।

ਨਾ ਤ ਫਿਰਓ ਲੀਏ ਸਾਤ ਸਮੁੰਦਰਨ ਲੋਕ ਗਇਓ ਪਰਲੋਕ ਗਾਵਾਇਓ।

ਬਾਸ ਕੀਓ ਬਿਖਅਨ ਸਿਓ ਬੈਠ ਕੈ ਐਸੇ ਹੀ ਐਸ ਸਿਓ ਬੈਸ ਬਿਤਾਇਓ।

ਸਾਚ ਕਹੁ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨਹੀ ਪ੍ਰਭ ਪਾਇਓ।

ਇਸ ਤਰ੍ਹਾਂ ਸਪਸ਼ਟ ਹੈ ਕਿ ਗੁਰਬਾਣੀ ਵਿੱਚ ਉਦਮ ਉਹ ਹੀ ਚੰਗਾ ਹੈ ਜਿਹੜਾ ਨਾਮ ਅਰਥਾਤ ਪ੍ਰਮਾਤਮਾ ਦੇ ਰਾਹ ਉਤੇ ਲੈ ਜਾਵੇ:

ਸਗਲ ਉਦਮ ਮਹਿ ਉਦਮ ਭਲਾ।
ਹਰਿ ਕਾ ਨਾਮ ਜਪਹੁ ਜੀਅ ਸਦਾ।
(ਗਉੜੀ ਸੁਖਮਨੀ ਮਹਲਾ ੫, ਪੰਨਾ ੨੬੬)

ਗੁਰਬਾਣੀ ਵਿੱਚ ਉਦਮ ਸ਼ਬਦ ਦਾ ਪ੍ਰਯੋਗ ਦੋ ਮੰਤਵਾਂ ਲਈ ਹੋਇਆ। ਇੱਕ ਉਹ ਉਦਮ ਜਿਹੜਾ ਮਨੁੱਖ ਆਪਣੀ ਹਉਮੈ ਦੀ ਪੂਰਤੀ ਲਈ ਕਰਦਾ ਹੈ। ਸਵਾਰਥ ਅਧੀਨ ਕੀਤਾ ਉਦਮ ਭਲਾ ਨਹੀਂ। ਉਦਮ ਨਾਮ ਵਾਲਾ ਹੀ ਭਲਾ ਹੈ। 'ਨਾਮ' ਅਤੇ 'ਹਉਮੈ' ਦੋ ਜੀਵਨ ਵਿਧੀਆਂ ਦੇ ਪ੍ਰਤੀਕ ਹਨ। ਹਉਮੈ ਵਾਲੀ ਜੀਵਨ ਵਿਧੀ ਦੀ ਗੁਰਬਾਣੀ ਨਿਖੇਧੀ ਕਰਦੀ ਹੈ 'ਨਾਮ ਵਾਲੀ ਜੀਵਨ ਵਿਧੀ ਅਪਨਾਉਣ ਦੀ ਪ੍ਰੇਰਨਾ ਦਿੰਦੀ ਹੈ। ਹਉਮੈ ਵਾਲੀ ਜੀਵਨ ਵਿਧੀ ਨੂੰ ਦਰਸਾਉਣ ਵਾਲੇ ਉਦਮ ਬਾਰੇ ਸਤਿਗੁਰ ਉਚਾਰਦੇ ਹਨ:

ਉਦਮ ਕਰਿ ਲਾਗੇ ਬਹੁ ਭਾਂਤੀ ਬਿਚਰਹਿ ਅਨਿਕ ਸਾਸਤ ਬਹੁ ਖਟੂਆ।

ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ।

(ਸਵੈਯੇ ਸ੍ਰੀ ਮੁਖਬਾਕ ੫, ਪੰਨਾ ੧੩੮੯)

ਆਪਣੀ ਹਉਮੈ ਵਿਚ ਗ੍ਰਸਤ ਕੋਈ ਨਿੰਦਿਆ ਚੁਗਲੀ, ਈਰਖਾ

ਆਦਿ ਲਈ ਵੀ ਉਦਮ ਕਰਦਾ ਹੈ ਪਰ ਇਸ ਮਾੜੇ ਉਦਮੀ ਦਾ ਕੀ ਹਸ਼ਰ ਹੁੰਦਾ ਹੈ:

ਅਬ ਜਨ ਉਪਰ ਕੋ ਨ ਪੁਕਾਰੇ।

ਪੁਕਾਰਨ ਕਉ ਜੋ ਉਦਮ ਕਰਤਾ ਗੁਰ ਪਮੇਸਰ ਤਾਕਉ ਮਾਰੇ।

(ਸਾਰੰਗ ਮਹਲਾ ੫, ਪੰਨਾ ੧੨੧੭)

ਜੇ ਮਨੁੱਖ ਗੁਰਬਾਣੀ ਦੀ ਦੱਸੀ ਵਿੱਧੀ ਅਨੁਸਾਰ ਜੀਵਨ ਬਤੀਤ ਕਰਨ ਦਾ ਜਤਨ ਕਰੇ ਤਾਂ ਉਸ ਦੀ ਹਉਮੈ ਆਪਣੇ ਆਪ ਖਤਮ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਉਸ ਦਾ ਜੀਵਨ ਸਾਰਥਕ ਕਾਰਜਾਂ ਵੱਲ ਲੱਗਣਾ ਸ਼ੁਰੂ ਹੋ ਜਾਂਦਾ ਹੈ। ਗੁਰੂ ਰਾਮਦਾਸ ਜੀ ਸਿੱਖ ਅਰਥਾਤ ਗੁਰਮਤਿ ਅਨੁਸਾਰ ਚੱਲਣ ਵਾਲੇ ਲਈ ਇੱਕ ਨਿਤਨੇਮ ਦੱਸਦੇ ਹਨ:

ਗੁਰੂ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।

ਉਦਮ ਕਰੇ ਭਲਕੇ ਪਰਭਾਤੀ ਇਸਨਾਨ ਕਰੇ ਅੰਮ੍ਰਿਤਸਰਿ ਨਾਵੈ।

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮ ਧਿਆਵੈ।

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਮਨਿ ਭਾਵੈ।

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸ਼ ਸੁਣਾਵੈ।

ਜਨ ਨਾਨਕ ਧੂੜ ਮੰਗੈ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।

(ਸਲੋਕ ਮਹਲਾ ੫, ਪੰਨਾਂ ੩੦੫)

ਜਿਸ ਮਨੁੱਖ ਨੇ ਅਜਿਹੀ ਜੀਵਨ ਵਿਧੀ ਅਪਨਾ ਲਈ ਹੈ ਉਹ ਹਰਾਮ ਦੀ ਕਮਾਈ ਕਿਉਂ ਖਾਵੇਗਾ? ਉਸ ਨੂੰ ਤਾਂ ਜੀਵਨ ਦੇ ਅਸਲੀ ਰਾਹ ਦਾ ਪਤਾ ਲੱਗ ਗਿਆ ਹੈ:

ਘਾਲ ਖਾਇ ਕਿਛ ਹਥਹੁ ਦੇਇ।

ਨਾਨਕ ਰਾਹ ਪਛਾਣਹਿ ਸੇਇ।

(ਸਾਰੰਗ ਵਾਰ ਮਹਲਾ ੧, ਪੰਨਾ ੧੨੪੫)

ਗੁਰਬਾਣੀ ਹਰ ਮਨੁੱਖ ਨੂੰ ਆਪਣੇ ਪੈਰਾਂ ਤੇ ਆਪ ਖੜੋਣ ਦਾ ਉਪਦੇਸ਼ ਦਿੰਦੀ ਹੈ। ਫਰੀਦ ਜੀ ਆਖਦੇ ਹਨ:

ਫਰੀਦਾ ਬਾਰ ਪਰਾਇਐ ਬੈਸਣਾ ਸਾਈਂ ਮੁਝਹਿ ਨ ਦੇਇ।

ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਇ॥

(ਪੰਨਾ ੧੩੮੦)

ਕਈ ਵਿਅਕਤੀ ਹੇਠ ਲਿਖੀਆਂ ਤੁਕਾਂ ਨੂੰ ਪੜ੍ਹਦੇ ਹਨ:

ਕਾਹੇ ਰੇ ਮਨ ਚਿਤਵਹਿ ਉਦਮ ਜਾ ਆਹਰ ਹਰਿ ਜੀਉ ਪਰਿਆ।

ਸੈਲ ਪੱਥਰ ਮਹਿ ਜੰਤ ਉਪਾਏ ਤਾ ਕਾ ਰਿਜਕ ਆਗੈ ਕਰ ਧਰਿਆ।

(ਪੰਨਾ 495)

ਉਹ ਸੋਚਦੇ ਹਨ ਕਿ ਰੋਟੀ ਤਾਂ ਮਿਲ ਹੀ ਜਾਣੀ ਹੈ। ਫਿਰ ਉਦਮ ਕਿਉਂ ਕੀਤਾ ਜਾਵੇ। ਇਹ ਖਿਆਲ ਕਰ ਕੇ ਉਹ ਵਿਹਲੇ ਰਹਿਣਾ ਲੋਚਦੇ ਹਨ। ਜੇ ਗੁਰਬਾਣੀ ਦੀ ਜੀਵਨ ਵਿਧੀ ਵੱਲ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਗੁਰਬਾਣੀ ਵਿੱਚ ਰੋਟੀ ਪਾਣੀ ਜ਼ਰੂਰੀ ਤਾਂ ਹੈ ਪਰ ਜੀਵਨ ਮੰਤਵ ਇੱਥੋਂ ਤੱਕ ਸੀਮਤ ਨਹੀਂ। ਜੇ ਇਹ ਲੋੜਾਂ ਪੂਰੀਆਂ ਹੋ ਜਾਣ ਤਾਂ ਮਨੁੱਖ ਨੂੰ ਉੱਚਾ ਉੱਠ ਕੇ ਲੋਕਾਂ ਦੀ ਸੇਵਾ ਅਰਥਾਤ ਪਰਮਾਤਮਾ ਦੀ ਸੇਵਾ ਕਰਨ ਲਈ ਕਿਹਾ ਹੈ। ਇਸ ਲਈ ਕੋਈ ਮਨੁੱਖ ਜੇ ਇਹ ਸੋਚ ਕੇ ਕੰਮ ਹੀ ਨਾ ਕਰੇ ਅਤੇ ਬੈਠ ਕੇ ਸੁੱਖ ਦੀ ਇੱਛਾ ਰੱਖੇ ਤਾਂ ਅਵੱਲ ਤਾਂ ਉਸ ਨੂੰ ਸੁਖ ਸ਼ਾਂਤੀ ਮਿਲੇਗੀ ਹੀ ਨਹੀਂ ਜੇ ਉਸ ਨੂੰ ਕੁਝ ਸਰੀਰਕ ਸੁੱਖ ਪ੍ਰਾਪਤ ਹੋ ਵੀ ਜਾਣ ਤਾਂ ਇਹ ਸੁੱਖ ਉਸ ਲਈ ਹਰਾਮ ਦੀ ਕਮਾਈ ਵਾਂਗ ਹੋਣਗੇ ਜਿਸ ਬਾਰੇ ਗੁਰਬਾਣੀ ਵਿੱਚ ਫ਼ੁਰਮਾਇਆ ਗਿਆ ਹੈ:

ਹਕੁ ਪਰਾਇਆ ਨਾਨਕਾ ਉਸੁ ਸੂਆਰ ਉਸੁ ਗਾਇ।

ਗੁਰੁ ਪੀਰ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।

(ਵਾਰ ਮਾਝ ਪੰਨਾ ੧੪੧)

ਗੁਰਬਾਣੀ ਵਿੱਚ ਦੱਸਿਆ ਉਦਮ ਨਾਮ ਨਾਲ ਭਾਵ ਸਿਧਾਂਤਕ ਤੌਰ ਉਤੇ ਗੁਰਬਾਣੀ ਨਾਲ ਇੱਕ ਸੁਰ ਹੋਣ ਤੋਂ ਬਿਨਾਂ ਨਹੀਂ ਹੋ ਸਕਦਾ। ਗੁਰਬਾਣੀ ਦੇ ਚਾਨਣ ਨੂੰ ਨਾਲ ਰੱਖਦਿਆਂ ਹੇਠ ਲਿਖੇ ਸਲੋਕ ਅਨੁਸਾਰ ਹੀ ਸਹੀ ਉਦਮ ਹੋ ਸਕਦਾ ਹੈ:

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸਮਾਲ ਹਾਥ ਪਾਉਂ ਕਰ ਕਾਮ ਸਭ ਚੀਤ ਨਿਰੰਜਨ ਨਾਲ।

(ਪੰਨਾ ੧੩੭੬)

## 34 ਵਾਂ ਸ਼ਾਸਤਰੀ ਸੰਗੀਤ ਸੰਮੇਲਨ

ਜਲੰਧਰ ਸੰਗੀਤ ਕਲਾ ਮੰਚ (ਰਜਿ.) ਜਲੰਧਰ ਦੇ ਮੁੱਖ ਸਕੱਤਰ ਡਾ: ਜੋਗਿੰਦਰ ਬਾਵਰਾ ਨੇ ਸੂਚਿਤ ਕੀਤਾ ਹੈ ਕਿ ਭਾਰਤ ਦੀ ਆਜ਼ਾਦੀ ਦੀ 50ਵੀਂ ਵਰ੍ਹੇ ਗੰਢ ਦੇ ਮੌਕੇ ਉਤੇ ਮਹਾਤਮਾ ਗਾਂਧੀ ਜੀ ਨੂੰ ਸਮ੍ਰਪਿਤ 34ਵਾਂ ਕਲਾਸੀਕਲ ਸੰਗੀਤ ਸਮਾਰੋਹ 4 ਅਕਤੂਬਰ 1998 ਐਤਵਾਰ ਨੂੰ ਗੁਰੂ ਨਾਨਕ ਦੇਵ ਜ਼ਿਲ੍ਹਾ ਲਾਇਬ੍ਰੇਰੀ ਜਲੰਧਰ ਵਿਖੇ 2-30 ਵਜੇ ਬਾਅਦ ਦੁਪਹਿਰ ਆਰੰਭ ਹੋਵੇਗਾ। ਇਸ ਵਿੱਚ ਸ੍ਰੀਮਤੀ ਸ਼ੈਲਾ ਪਿਪਲਾਪੁਰੇ ਬੰਬਈ (ਗਾਇਨ) ਡਾ. ਰਮਾ ਸਰਾਫ਼ ਦਿੱਲੀ (ਗਾਇਨ) ਉਸਤਾਦ ਅਕਰਮ ਖਾਂ (ਤਬਲਾ) ਸ੍ਰੀ ਦਾਨਿਸ਼ ਅਸਲਮ ਖਾਂ (ਸਰੋਦ) ਤੇ ਹੋਰ ਸੰਗੀਤਕਾਰ ਭਾਗ ਲੈ ਰਹੇ ਹਨ। ਆਪ ਜੀ ਨੂੰ ਆਮੰਤ੍ਰਿਤ ਕੀਤਾ ਜਾਂਦਾ ਹੈ।

*ਪੁੱਛ ਗਿੱਛ : ਡਾ. ਜੋਗਿੰਦਰ ਬਾਵਰਾ 144 EM ਰਾਸਤਾ ਮੁੱਹਲਾ ਜਲੰਧਰ ਸ਼ਹਿਰ*

# ਦਿਲਰੁਬਾ/ਤਾਊਸ-ਵਾਦਕ
## "ਉਸਤਾਦ ਬਾਬਾ ਹਰਨਾਮ ਸਿੰਘ ਜੀ"-ਪਟਿਆਲਾ ਘਰਾਣਾ
### ਸ੍ਰ. ਤੀਰਥ ਸਿੰਘ, ਸਹਾਰਨਪੁਰ

ਮਹਾਰਾਜਾ ਹੀਰਾ ਸਿੰਘ ਜੀ ਨਾਭਾਪਤੀ ਦਾ ਬਣਵਾਇਆ ਇਕ ਬਹੁਤ ਸੁੰਦਰ ਗੁਰਦੁਆਰਾ ਨਾਭੇ ਵਿੱਚ ਹੈ। ਇਸ ਅਸਥਾਨ ਦੇ ਮਹੰਤ ਭਾਈ ਗੱਜਾ ਸਿੰਘ ਜੀ ਜੋ ਸਿੱਖਾਂ ਵਿੱਚ ਅਦੁੱਤੀ ਰਾਗ ਵਿੱਦਿਆ ਦੇ ਮਹਾਨ ਪੰਡਤ ਹੋਏ, ਤਾਊਸ (ਦਿਲਰੁਬਾ) ਦੀ ਕਲਾ ਵਿੱਚ ਆਪਣੇ ਸਾਨੀ ਆਪ ਸਨ। ਭਾਈ ਕਾਨ੍ਹ ਸਿੰਘ ਜੀ ਨਾਭਾ ਜੀ ਨੇ ਵੀ ਮਹੰਤ ਗੱਜਾ ਸਿੰਘ ਜੀ ਪਾਸੋਂ ਦਿਲਰੁਬਾ (ਤਾਊਸ) ਤੇ ਸੰਗੀਤਗਯ ਵਿੱਦਿਆ ਪ੍ਰਾਪਤ ਕੀਤੀ। ਮਹੰਤ ਗੱਜਾ ਸਿੰਘ ਜੀ ਨੇ ਇਹ ਵਿੱਦਿਆ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ ਮਹੰਤ ਮਨਸਾ ਸਿੰਘ ਜੀ ਤੋਂ ਲਈ। ਬਾਬਾ ਹਰਨਾਮ ਸਿੰਘ ਜੀ ਦੇ ਉਸਤਾਦ ਮਹੰਤ ਗੱਜਾ ਸਿੰਘ ਜੀ ਹੀ ਸਨ। ਬਾਬਾ ਜੀ ਦੇ ਕਥਨ ਅਨੁਸਾਰ ਆਪ ਜੀ ਨੇ ਇਹਨਾਂ ਮਹੰਤ ਸਾਹਿਬਾਂ ਤੋਂ ਦਿਲਰੁਬਾ-(ਤਾਊਸ) ਦੀ ਅਤੀ ਸੂਖ਼ਸ਼ਮ ਸੰਗੀਤਮਈ ਵਿੱਦਿਆ ਪ੍ਰਾਪਤ ਕਰ ਰਾਗ ਦਰਬਾਰ ਪਟਿਆਲੇ ਤੋਂ ਬਾਹਰ ਖਾਸ ਕਰ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾਪਤੀ ਦੇ ਨਾਲ ਉੱਚ ਕੋਟੀ ਦੀਆਂ ਗਾਇਕਾਵਾਂ-ਉਸਤਾਦਾਂ ਨਾਲ ਸੰਗੀਤਕ-ਮਹਿਫਲਾਂ ਵਿੱਚ ਸੰਗਤ ਕਰਦੇ ਰਹੇ। ਹੈੱਡ ਰਾਗੀ ਭਾਈ ਕਿਰਪਾਲ ਸਿੰਘ ਜੀ ਪਟਿਆਲੇ ਵਾਲੇ ਦੇ ਕਥਨ ਅਨੁਸਾਰ ਮਹੰਤ ਗੱਜਾ ਸਿੰਘ ਆਪਣੇ ਸ਼ਾਗਿਰਦ ਬਾਬਾ ਹਰਨਾਮ ਸਿੰਘ ਆਦਿਕ ਸਾਜਿੰਦੇ ਸਾਥੀਆਂ ਨਾਲ ਕਲਕੱਤੇ ਪ੍ਰਸਿੱਧ ਗਾਇਕ ਗੌਹਰ ਜਾਨ ਦੇ ਘਰ ਬਿਲਕੁਲ ਸਾਹਮਣੇ ਇਕ ਹਵੇਲੀ ਦਾ ਚੁਬਾਰਾ ਕਰਾਏ ਤੇ ਲੈ ਲਿਆ। ਨਿੱਤ-ਰੋਜ਼ ਲਗਾਤਾਰ ਅਭਿਆਸ ਤੇ ਤਾਊਸ-ਦਿਲਰੁਬਾ ਦੀਆਂ ਪੇਸ਼ ਬੰਦੀਆਂ-ਸੰਗੀਤਕ ਲਹਿਰਾਂ ਦੀਆਂ ਆਵਾਜ਼ਾਂ ਜੋ ਮਿੱਠੀਆਂ-ਸੁਰੀਲੀਆਂ ਦਿਲ-ਖਿਚਵੀਆਂ ਆਕਰਸ਼ਕ ਤੇ ਰਿਆਜ਼-ਰਸ ਅੰਦਰ ਲਬਰੇਜ਼ ਹੋਈਆਂ-ਹੋਈਆਂ ਕੰਨਾਂ ਨੂੰ ਛੂਹ ਕੇ ਦਿਲ ਅੰਦਰ ਆਤਮਿਕ ਹੁਲਾਰਾ ਪੈਦਾ ਕਰ ਦਿੰਦੀਆਂ ਸਨ। ਗੌਹਰ ਜਾਨ ਇਹਨਾਂ ਸੁਰੀਲੀਆਂ ਤਾਊਸ ਦੀਆਂ ਆਵਾਜ਼ਾਂ ਨੂੰ ਸੁਣ ਮੰਤਰ-ਮੁਗਧ ਹੋ ਉੱਠੀ ਤੇ ਝੱਟ ਉੱਠ ਕੁਝ ਬਸਤਰ-ਦੁਸ਼ਾਲੇ, ਨਕਦੀ ਫ਼ਲ-ਫਰੂਟ ਦੇ ਥਾਲ ਲੈ ਆਪਣੇ ਸੇਵਕਾਂ (ਸਾਜ਼ਿੰਦਿਆਂ) ਨਾਲ ਮਹੰਤ ਗੱਜਾ ਸਿੰਘ ਜੀ ਦੇ ਪੈਰੀਂ ਆਣ ਪਈ ਤੇ ਗੁਰੂ ਧਾਰਨ ਕਰ ਅਸੀਸ ਵਿੱਦਿਆ ਦੀ ਪ੍ਰਾਪਤੀ ਲਈ ਡੰਡੌਤ ਕੀਤੀ, ਮਹੰਤ ਜੀ ਨੇ ਗੌਹਰਜਾਨ ਨੂੰ ਅਸ਼ੀਰਵਾਦ ਦੇ ਆਪਣਾ ਸ਼ਿਸ਼ ਬਣਾਇਆ। ਭਾਈ ਸਾਹਿਬ ਨੇ ਮਹੰਤ ਗੱਜਾ ਸਿੰਘ ਜੀ ਦੇ ਜੀਵਨ ਬਾਰੇ ਹੋਰ ਵੀ ਬਹੁਤ ਕੁਝ ਦੱਸਿਆ ਪਰ ਦਾਸ (ਲੇਖਕ) ਨੂੰ ਸਿਰਫ਼ ਬਾਬਾ ਜੀ ਨੇ ਇਤਨਾ ਹੀ ਜ਼ਿਕਰ ਕੀਤਾ ਸੀ ਕਿ ਦਿਲਰੁਬਾ-ਤਾਊਸ ਦੀ ਵਿੱਦਿਆ ਮੈਂ ਮਹੰਤ ਗੱਜਾ ਸਿੰਘ ਜੀ ਤੋਂ ਹੀ ਪ੍ਰਾਪਤ ਕੀਤੀ ਸੀ।

ਦਾਸ ਲੇਖਕ, 1956-58 ਦੇ ਆਸ-ਪਾਸ (13-14) ਸਾਲ ਦੀ ਉਮਰੇ ਉਹਨਾਂ ਦੇ ਨਿਵਾਸ ਅਸਥਾਨ ਮਹਿੰਦਰਾ ਕਾਲਜ ਪਟਿਆਲਾ ਤੋਂ ਪਹਿਲਾਂ ਸੁਨਾਮੀਆਂ ਗੇਟ ਦੇ ਸੱਜੇ ਹੱਥ ਦੀ ਗਲੀ ਸੜਕ ਤੋਂ 100 ਗਜ਼ ਦੀ ਦੂਰੀ ਤੇ ਕਿਸੇ ਹਵੇਲੀ ਦੇ ਚੁਬਾਰੇ ਦੇ ਦੋ ਕਮਰਿਆਂ ਵਾਲੇ ਕਿਰਾਏ ਦੇ ਮਕਾਨ ਅੰਦਰ ਆਪ ਜੀ ਨਿਵਾਸ ਰੱਖਦੇ ਸਨ। ਨਿੱਤ ਆਪਣੇ ਘਰ ਤੋਂ ਪੈਦਲ ਜੋ ਖਾਲਸਾ ਮਹਲਾ 1/1008 ਤੋਂ 3-4 ਕਿਲੋਮੀਟਰ ਦੂਰ ਪੈਂਦਾ ਸੀ ਦਿਲਰੁੱਬਾ ਸ਼ਾਜ (ਜੋ ਬਹੁਤ ਛੋਟਾ) ਮੇਰੀ ਅਵਸਥਾ ਮੁਤਾਬਕ ਜੋ ਅਜ ਤੀਕ ਮੇਰੇ ਪਾਸ ਸੁਰੱਖਿਅਤ ਹੈ ਨਾਲ ਸਿੱਖਣ ਲਈ ਬਾਬਾ ਉਸਤਾਦ ਹਰਨਾਮ ਸਿੰਘ ਜੀ ਦੇ ਪਾਸ ਸਕੂਲ ਦੀ ਛੁੱਟੀ ਹੋਣ ਤੋਂ ਬਾਅਦ ਆਉਂਦਾ ਜਾਂਦਾ ਰਹਿੰਦਾ ਸੀ। ਗਰਮੀ-ਸਰਦੀ ਦੇ ਦਿਨਾਂ ਵਿੱਚ ਬਗੈਰ ਕਿਸੇ ਨਾਗਾ ਕੀਤੇ ਇਹ ਕ੍ਰਮ 1959 ਤਕ ਚਲਦਾ ਰਿਹਾ। 60 ਰੁਪਏ ਮਹਾਵਾਰੀ ਫ਼ੀਸ ਵੀ ਘਰ ਤੋਂ ਇਸ ਕੰਮ ਲਈ ਦਿੱਤੀ ਜਾਂਦੀ ਸੀ। ਕਦੀ ਕਦੀ ਲੇਖਕ ਦੇ ਗ੍ਰਿਹ ਵੀ ਬਾਬਾ ਜੀ ਆ ਜਾਇਆ ਕਰਦੇ ਸਨ ਜਾਂ ਇਕ ਦਿਨ ਛੱਡ ਕੇ ਵੀ ਇਹ ਕ੍ਰਮ ਚਲਦਾ ਰਹਿੰਦਾ ਸੀ।

ਮੇਰੇ ਸਿੱਖਣ ਤੋਂ ਕੁਝ ਕੁ ਸਮਾਂ 1-2 ਮਹੀਨੇ ਪਹਿਲਾਂ ਮਹਿੰਦਰਾ ਕਾਲਜ ਦੇ ਨਾਲ ਲੱਗਦੀ ਬਸਤੀ ਹਰੀਜਨ ਦਾ ਨਿਵਾਸੀ ਓਮ ਪ੍ਰਕਾਸ਼ ਉਮਰ 18-20 ਸਾਲ ਮੂੰਹ ਤੇ ਮਾਤਾ ਦੇ ਦਾਗ ਉਹ ਵੀ ਸਿੱਖਣ ਲਈ ਆਉਂਦਾ ਸੀ, ਪਰ ਮੇਰੇ ਨਾਲ ਇੱਕਠੀ ਤਾਲੀਮ ਪ੍ਰਾਪਤ ਨਹੀਂ ਕੀਤੀ ਤੇ ਨਾ ਹੀ ਮੇਲ ਹੋਇਆ।

ਦਾਸ ਨੇ ਬਾਬਾ ਉਸਤਾਦ ਹਰਨਾਮ ਸਿੰਘ ਜੀ ਪਾਸੋਂ, 2-3 ਸਾਲਾਂ ਅੰਦਰ, ਸੰਗੀਤਗਯ ਵਿੱਦਿਆ ਦੀ (ਦਿਲਰੁਬਾ ਸਾਜ਼ ਨਾਲ) 10-12 ਰਾਗ, ਸ਼ਾਨ, ਲਹਿਰੇ ਵਿਭਿੰਨ ਰਾਗਾਂ ਦੀਆਂ ਬੰਦਸ਼ਾਂ ਸਿੱਖੀਆਂ। ਸਾਰੰਗ, ਤਿਲੰਗ, ਖਉਖਟ, ਤਿਲਕ ਕਮੋਦ, ਆਸਾਵਰੀ, ਬਿਲਾਵਲ, ਭੈਰਵ, ਭੈਰਵੀ ਹੰਸਕੰਕਨੀ, ਭੂਪਾਲੀ, ਕਲਿਆਣ, ਮਾਲਕੌਸ, ਸੋਰਠਿ ਤੇ ਪੀਲੂ-ਖਮਾਜ-ਸਿੰਧੜਾਂ ਦੀਆਂ ਕੁਝ ਕੁ ਧੁਨਾਂ ਤੇ ਲਲਤਿ ਦੇ ਪ੍ਰਕਾਰਾਂ ਦਾ ਜ਼ਬਾਨੀ (ਬਿਨਾਂ ਕਿਸੇ ਲਿਖਤ ਦੇ) ਅਭਿਆਸ ਕਰਵਾਇਆ ਗਿਆ। ਇਕ-ਇਕ ਮੁਖੜਾ-ਪ੍ਰਕਾਰ-ਅੰਤਰਾ, ਅਸਥਾਈ ਨੂੰ ਕਈ ਕਈ ਦਿਨਾਂ ਮਹੀਨਿਆਂ ਵਿੱਚ ਹੀ ਪੂਰਾ ਕੀਤਾ ਜਾਂਦਾ ਸੀ। ਸਿਖਾਉਣ ਸਮੇਂ ਆਪ ਜੀ ਆਪਣੇ ਤੰਤੀ ਸਾਜ਼ (ਜੋ ਬਹੁਤ ਵਡੇਰਾ ਸੀ) ਨਾਲ ਆਪ ਵਜਾਂ ਕੇ ਦਸਦੇ ਸਨ ਤੇ ਨਾਲ ਹੀ ਕਿਹੂੰ (ਕਾਂਸੀ) ਦੀ ਥਾਲੀ ਨਾਲ ਤਾਲ ਦੀ ਸੰਗਤ ਕਰਦੇ ਹੋਏ ਸਮਝਾਉਂਦੇ ਰਹਿੰਦੇ ਸਨ। ਇਕ ਹੋਰ ਸਾਜ਼ (ਦਿਲਰੁਬਾ) ਹਮੇਸ਼ਾ ਦੀਵਾਰ ਤੇ ਟੰਗਿਆਂ ਰਹਿੰਦਾ ਸੀ ਦੋ ਕੁ ਲੱਕੜਾਂ ਤੁਣ ਦੀਆਂ ਸਦਾ ਬਾਹਰ ਦਰਵਾਜ਼ੇ ਤੇ ਪਈਆਂ ਰਹਿੰਦੀਆਂ ਸਨ ਸਾਜ਼ ਬਨਾਉਣ ਲਈ, ਪਰ ਸ਼ਾਇਦ ਅੱਜ ਤਕ ਉਹਨਾਂ ਦੇ ਸਾਜ਼ ਨਾ ਬਣ ਸਕੇ।

1948-49 ਤੋਂ ਲੇਖਕ ਦੇ ਪਿਤਾ ਗਿ: ਇੰਦਰ ਸਿੰਘ ਜੀ ਬਿਬੇਕੀ (ਪਟਿਆਲਵੀ) ਜੋ ਆਪ ਭੀ ਉੱਚ ਦਰਜੇ ਦੇ ਪੁਰਾਤਨ

ਕੀਰਤਨੀਏ, ਕਥਾਵਾਚਕ, ਲੈਕਚਰਾਰ, ਅੰਮ੍ਰਿਤ ਪ੍ਰਚਾਰਕ, ਰਾਜਨੀਤਗਯ ਤੇ "ਸਾਜ਼ ਘਰ" ਧਰਮ ਪੁਰਾ ਬਜ਼ਾਰ ਪਟਿਆਲਾ ਅੰਦਰ ਆਪਣਾ ਕਾਰੋਬਾਰੀ ਸੰਸਥਾਨ ਰੱਖਦੇ ਸਨ। ਅਕਸਰ ਦੁਕਾਨ ਤੇ ਬਹੁਤ ਸਾਰੇ ਗੁਣੀ ਜਨ ਕਿਸੇ ਨਾ ਕਿਸੇ ਰੂਪ ਵਿੱਚ ਮਿਲਣ ਲਈ ਆ ਜਾਇਆ ਕਰਦੇ ਸਨ, ਉਹਨਾਂ ਵਿਚੋਂ ਬਾਬਾ ਉਸਤਾਦ ਹਰਨਾਮ ਸਿੰਘ ਜੀ ਵੀ ਅਕਸਰ ਨਿਤਾ-ਪ੍ਰਤੀ ਦੁਕਾਨ ਤੇ ਆ ਬੈਠ ਵਾਰਤਾਲਾਪ ਕਰਦੇ ਰਹਿੰਦੇ ਸਨ।

ਪਿਤਾ ਜੀ ਦੇ ਬਾਰ-ਬਾਰ ਕਹਿਣ ਤੇ ਜ਼ੋਰ ਦੇਣ ਤੇ ਬਾਬਾ ਜੀ ਨੇ ਦਾਸ (ਲੇਖਕ) ਨੂੰ ਬੜੀ ਮੁਸ਼ਕਲ ਨਾਲ ਦਿਲਰੁਬਾ ਸਿਖਾਉਂਣ ਲਈ ਸਹਿਮਤੀ ਦਿੱਤੀ।

ਉਹਨਾਂ ਦੇ ਕਹਿਣ ਤੇ ਕੁਝ ਕੁ ਮਹੀਨੇ ਧਰਮਪੁਰਾ ਬਜ਼ਾਰ ਵਿੱਚ ਹੀ ਪੰਡਤ ਹੀਰਾ ਲਾਲ ਜੀ ਉਸਤਾਦ ਤਬਲਾ ਵਾਦਕ ਤੇ ਭਾਈ ਜਗਤ ਸਿੰਘ ਜੀ ਸੂਰਮਾ ਤੋਂ ਹਰਮੋਨੀਅਮ ਦੀ ਸਿਖਸ਼ਾ ਪ੍ਰਾਪਤ ਕੀਤੀ। ਭਾਈ ਕਿਰਪਾਲ ਸਿੰਘ ਪੁਣਛ, ਮਹਾਨ ਤਬਲਾ ਵਾਦਕ ਜੋ ਉਸ ਸਮੇਂ ਧਰਮਪੁਰਾ ਬਜ਼ਾਰ ਪਟਿਆਲਾ ਵਿਖੇ ਨਿਵਾਸ ਤੇ ਰਿਆਜ਼ ਕਰਦੇ ਸਨ ਨਾਲ ਹੀ ਸਮੇਂ-ਸਮੇਂ ਸੰਗਤ ਦੀ ਰਿਆਜ਼ ਕਰਾਉਣ ਵਿੱਚ ਸਹਾਇਤਾ ਕਰਦੇ ਰਹਿੰਦੇ ਸਨ। 1960 ਈ: ਵਿੱਚ ਲੇਖਕ ਪੜ੍ਹਾਈ ਵਿਚੇ ਛੱਡ ਪੰਜਾਬ ਤੋਂ ਬਾਹਰ ਆਪਣੇ ਪਿਤਾ ਪਾਸ ਲਖਨਊ, ਕਾਨ੍ਹਪੁਰ, ਗਵਾਲੀਅਰ ਆਦਿਕ ਥਾਂਵਾਂ ਤੇ ਕਾਰ-ਵਿਹਾਰ ਲਈ ਚਲਾ ਗਿਆ। 1964 ਵਿੱਚ ਪੱਕੇ ਤੌਰ 'ਤੇ ਸਹਾਰਨਪੁਰ, ਯੂ. ਪੀ. ਨਿਵਾਸ ਰੱਖ ਕਾਰੋਬਾਰੀ ਵਿੱਚ ਪ੍ਰੀਵਰਤ ਹੋ ਗਿਆ। ਸੰਗੀਤਗਯ ਰੁਚੀਆਂ ਲਗਭਗ ਨਾਂ-ਮਾਤਰ ਰਹਿ ਗਈਆਂ, ਘਰ ਅੰਦਰ ਸਾਜ਼ ਹੋਣ ਕਾਰਨ ਕਦੀ-ਕਦੀ ਮਨ ਕੁਝ ਕੁ ਕਰਨ ਲਈ ਉਮਹਾ ਦਿੰਦਾ ਸੀ।

ਪਰ ਸਮਾਂ-ਮਾਹੌਲ-ਸੰਗੀਤ ਨੂੰ ਅਣਦੇਖਾ, ਸਾਧਨ ਤੇ ਸਾਥੀਆਂ ਦੇ ਨਾ ਹੋਣ ਕਾਰਨ 1972 ਤਕ ਆਪਣੇ ਪਿਤਾ ਜੀ ਦੇ ਸੁਰਗਵਾਸ ਹੋਣ ਕਾਰਨ ਅਵੇਸਲੇ ਹੋ ਗਏ। ਘਰੋਗੀ ਆਹਰ-ਪਾਹਰ ਕਰਨ ਲਈ ਮੌਜੂਦਾ ਕੰਮ ਵਿੱਚ ਰੁਚਿਤ ਹੋ ਗਿਆ।

ਇਹਨਾਂ ਸਾਲਾਂ ਵਿੱਚ ਪਟਿਆਲੇ ਘਟ ਆਉਣ-ਜਾਣ ਦਾ ਮੌਕਾ ਮਿਲਿਆ। ਜੇ ਕਦੀ ਪਟਿਆਲੇ ਵੀ ਪੁੱਛ-ਗਿੱਛ ਕਰਨ ਤੇ ਪਤਾ ਲੱਗਾ ਕੇ ਬਾਬਾ ਹਰਨਾਮ ਸਿੰਘ ਜੀ ਉਸਤਾਦ ਯਾਦਵਿੰਦਰਾ ਦੇਵਾ ਯਤੀਮਖਾਨੇ ਹਨ। ਇਹ ਨਹੀਂ ਪਤਾ ਚਲ ਸਕਿਆ ਬਾਬਾ ਜੀ ਕਦੋਂ ਕਿਸ ਅਵਸਥਾ ਜਾਂ ਕਿੰਨਾਂ-ਹਾਲਤਾਂ ਵਿੱਚ ਸੁਰਗਵਾਸ ਹੋਏ। ਧਰਮ ਸਿੰਘ ਵੈਦ ਜੋ ਧਰਮਪੁਰਾ ਬਜ਼ਾਰ ਪਟਿਆਲਾ ਅੰਦਰ ਸੰਨਿਆਸੀ ਵੈਦ ਰਾਜ ਦੀ ਹਕੀਮੀ (ਹਿਕਮਤ) ਦੀ ਦੁਕਾਨ ਕਰਦੇ ਸਨ ਉਹਨਾ ਨੇ ਬਾਬਾ ਜੀ ਦੇ ਅੰਤਮ ਸੰਸਕਾਰ ਤੇ ਉਹਨਾਂ ਦੀ ਯਾਦ ਅੰਦਰ ਇਕ ਧਾਰਮਿਕ ਸੰਗੀਤਗਯ ਸੰਮੇਲਨ ਗੁ: ਸਾਹਿਬ ਨਵੀਨ ਸ੍ਰੀ ਗੁਰੂ ਸਿੰਘ ਸਭਾ ਅੰਦਰ ਕਰਵਾਇਆ। ਨਾਂ ਤਾਂ ਭਾਈ ਕਿਰਪਾਲ ਸਿੰਘ ਜੀ ਨੂੰ (ਜੋ ਉਸ ਵਕਤ ਦੇਸ਼ ਤੋਂ ਬਾਹਰ ਸਨ) ਤੇ ਨਾ ਹੀ ਦਾਸ (ਲੇਖਕ) ਨੂੰ ਅਵਗਤ ਕਰਵਾਇਆ, ਜਦੋਂ ਕਿ ਧਰਮ ਸਿੰਘ ਵੈਦ ਜੀ ਨੂੰ ਦਾਸ ਦੇ ਸ਼ਾਗਿਰਦ ਹੋਣ ਬਾਰੇ ਪੂਰੀ ਜਾਣਕਾਰੀ ਸੀ। ਭਾਈ ਕਿਰਪਾਲ ਸਿੰਘ ਜੀ ਰਾਗੀ (ਹੈੱਡ ਰਾਗੀ ਗੁ: ਸਾਹਿਬ ਦੂਖ ਨਿਵਾਰਣ) ਉਹ ਵੀ ਕੁਝ ਕੁ ਸਮਾਂ ਬਾਬਾ ਜੀ ਦੇ ਪਾਸ ਸੰਗੀਤਗਯ ਤਾਲੀਮ ਹਿਤ ਆਉਂਦੇ ਜਾਂਦੇ ਰਹੇ। ਦਾਸ ਦੇ ਸਮੇਂ ਵੀ ਅਕਸਰ ਉਹਨਾਂ ਨਾਲ ਭੇਂਟ ਮਿਲਣੀ ਹੁੰਦੀ ਸੀ ਪਰ ਸਿਖਸ਼ਾ ਮੇਰੇ ਸਾਹਮਣੇ ਨਹੀਂ ਲਈ ਗਈ। ਬਾਬਾ ਹਰਨਾਮ ਸਿੰਘ ਜੀ, ਉਸਤਾਦ ਜੀ ਦੇ ਕੋਈ ਸੰਤਾਨ ਨਹੀਂ ਸੀ। ਆਪ ਜੀ ਦੀਆਂ ਤਿੰਨ ਸੁਪਤਨੀਆਂ ਵਾਰੀ-ਵਾਰੀ ਸੁਰਗਵਾਸ ਹੋਣ ਤੇ ਆਖਰੀ ਸੁਪਤਨੀ ਦੇ ਦਰਸ਼ਨ ਬਹੁਤ ਸਮਾਂ ਹੁੰਦੇ ਰਹੇ। ਆਪ ਜਾਤ ਦੇ ਸੁਨਿਆਰੇ ਸਨ ਤੇ ਹੱਥੀਂ ਸਾਜ਼ ਬਣਾਉਣ ਦੀਆਂ ਸਭ ਕਲਾਵਾਂ ਤੋਂ ਜਾਣੂੰ ਸਨ। ਤਾਰਾਂ ਨੂੰ ਬਾਰੀਕ ਕਰਕੇ ਨੰਬਰ ਦੇਣੇ, ਸਾਜ਼ ਨੂੰ ਮੜ੍ਹਨਾ, ਬੰਦ ਕੱਟਣੇ, ਬਣਾਉਣੇ, ਸਾਜ਼ ਦੀਆਂ ਖੂਬੀਆਂ, ਸੁਰ-ਤਾਰ ਮੇਲਣੇ, ਚਾਰੋ ਤਾਰਾਂ ਦਾ ਪ੍ਰਯੋਗ ਬੜੀ ਬਾਖੂਬੀ ਸੁੰਦਰਤਾ ਦੇ ਰਸ ਵਿੱਚ ਕਰਨਾ, ਬਾਰ-ਬਾਰ ਸੁਰ ਕਰਨਾ, ਖੱਬੇ ਹੱਥ ਦਾ ਪ੍ਰਯੋਗ ਇਕ ਖਾਸ ਵਿਧੀ ਜੋ ਆਮ ਦੇਖਣ ਵਿੱਚ ਨਹੀਂ ਮਿਲਦੀ ਚਾਰੋਂ ਉਂਗਲਾਂ ਇੱਕਠੀਆਂ ਰੱਖ ਸੰਪੂਰਣ ਕਲਾਈ ਗੁੱਟ ਦਾ ਪ੍ਰਯੋਗ ਕਰਨਾ, ਬਾਰ-ਬਾਰ ਹੱਥ ਨਾ ਤਾਂ ਖਿੰਡਾਉਣਾ ਤੇ ਨਾ ਹੀ ਥਿਰਥਿਰਾਣਾ ਇਹ ਉਹਨਾਂ ਦੇ ਹੱਥ ਦੀ ਖੂਬੀ ਸੀ ਜਿਹਨਾਂ ਨੇ ਉਹਨਾਂ ਤੋਂ ਵਿੱਦਿਆ ਪ੍ਰਾਪਤ ਕੀਤੀ ਹੈ ਉਹ ਉਸ ਤਰ੍ਹਾਂ ਹੱਥ ਰਖਵਾਉਂਦੇ ਸਨ ਜੋਸ਼ 'ਚ ਆ ਕੇ ਸਾਜ਼ ਆਪ ਜੀ ਵਜਾਉਂਦੇ ਸਨ। ਪੋਟਿਆਂ ਅੰਦਰ ਬਹੁਤ ਮਿਠਾਸ ਸਾਜ਼ ਛੇੜਨ ਤੇ ਰਸ, ਖਾਸ ਕਿਸਮ ਦਾ ਨਸ਼ਾ (ਬੇਸੁਰਤੀ ਦਾ ਆਲਮ) ਤਿੰਨੋਂ ਸਪਤਕ ਚਾਰੋ ਤਾਰਾਂ ਦਾ ਪ੍ਰਯੋਗ ਵੱਡੇ-ਵੱਡੇ ਹਰਮੋਨੀਅਮ (ਵਾਜਿਆਂ) ਦੀ ਆਵਾਜ਼ ਨੂੰ ਵੀ ਦਿਲਰੁੱਬਾ ਸਾਜ਼ ਦੀ ਅਵਾਜ ਪਛਾੜ ਦਿੰਦੀ ਸੀ ਜਦੋਂ ਪੂਰਾ ਸੁਰ ਕੀਤਾ ਸਾਜ਼ ਤਰਬਾਂ ਦੀ ਸਹਾਇਤਾ ਨਾਲ ਇਕ-ਇਕ ਸੁਰ ਸੰਪੂਰਨ ਹੋ ਗੂੰਜ ਪੈਦਾ ਕਰਦੀ ਸੀ ਪੂਰਾ ਵਾਤਾਵਰਨ ਮੁਗਧ ਹੋ ਜਾਂਦਾ ਸੀ ਤੇ ਅੱਖਾਂ ਅੰਦਰ ਨੀਂਦ ਭਰ ਆਉਂਦੀ ਸੀ। ਨਾਲ ਹੀ ਪਟਿਆਲਾ ਰਾਜ ਘਰਾਣੇ ਦੀਆਂ ਬੀਤ ਚੁੱਕੀਆਂ ਘਟਨਾਵਾਂ, ਜਾਣਕਾਰੀਆਂ, ਮਹਿਫ਼ਲਾਂ ਤੇ ਖਾਸ ਕਰ ਆਪਣੇ ਪਹਿਰਾਵੇ ਜੋ ਰਾਜ ਘਰਾਣੇ ਵਲੋਂ ਮਿਲੇ ਤੋਹਫ਼ੇ, ਬਾਰੇ ਦਸ ਕੇ ਦਿਖਾਉਂਦੇ ਰਹਿੰਦੇ ਸਨ ਉਸ ਸਮੇਂ 1959-60 ਆਪ ਜੀ ਨੂੰ 60 ਰੁਪਏ ਮਹਾਵਾਰ ਪੈਨਸ਼ਨ ਵੀ ਮਿਲਦੀ ਸੀ ਆਪ ਜੀ ਦੇ ਕਥਨ ਅਨੁਸਾਰ 50-60000 ਰੁ: ਆਪ ਜੀ ਦੇ ਪਾਸ ਬੈਂਕ ਬੈਲੰਸ ਵੀ ਸੀ। ਆਪ ਜੀ ਦੇ ਇਕ-ਦੋ ਦੂਰੋਂ ਰਿਸ਼ਤੇ ਦਾਰ ਵੀ ਉਸੇ ਗਲੀ ਅੰਦਰ ਨਿਵਾਸ ਕਰਦੇ ਸਨ। ਜਦ ਦਾਸ ਸਿੱਖਣ ਜਾਂਦਾ ਸੀ ਤਾਂ ਉਹਨਾਂ ਦੀਆਂ ਦੋ ਬੱਚੀਆਂ ਦਾਸ ਨਾਲ ਵਾਰਤਾਲਾਪ ਕਰਕੇ ਖੁਸ਼ੀ ਮਹਿਸੂਸ ਕਰਦੀਆਂ ਤਥਾ ਤਰ੍ਹਾਂ-ਤਰ੍ਹਾਂ ਦੇ ਕਟਾਖਸ਼ ਕਰਦੀਆਂ ਰਹਿੰਦੀਆਂ ਸਨ। ਆਪ ਜੀ ਦੇ ਪਾਸ ਇਕ ਮਧਰੇ ਕੱਦ ਦਾ ਕੁੱਤਾ ਡੱਬ ਖੜੱਬਾ ਚਿੱਟਾ ਤੇ ਹਲਕਾ ਭੂਰਾ ਮੋਤੀ ਨਾਂ ਦਾ ਘਰ ਵਿੱਚ ਬਾਹਰ ਬੂਹੇ ਅੱਗੇ ਬੈਠਾ ਰਹਿੰਦਾ। ਕਦੀ ਕਦੀ ਬਜ਼ਾਰ ਤੱਕ ਪਿੱਛੇ-ਪਿੱਛੇ ਵੀ ਆ ਜਾਂਦਾ ਸੀ। ਆਪ ਜੀ ਦਾ ਜੀਵਨ ਬੜਾ ਸਾਦਾ, ਸੁਭਾਅ, ਥੋੜ੍ਹਾ ਗੁਸੈਲਾ, ਮੂੰਹ ਤੇ ਮਿੱਠੀ ਮੁਸਕਾਨ ਕੱਪੜੇ-ਕੁੜਤਾ-ਪਜਾਮਾ ਚਿੱਟਾ, ਚਿੱਟੀ ਦਸਤਾਰ, ਲੰਬੀ ਦਾਹੜੀ ਤੇ ਸਿਰ ਦੇ ਕੇਸ ਬਹੁਤ ਘੱਟ ਸਨ। ਸਿਰ ਵਿਚਲਾ ਹਿੱਸਾ ਬਿਲਕੁਲ ਗੰਜਾ ਸੀ। ਪੈਰੀਂ ਜੁੱਤੀ ਤੇਲ ਦੇ ਵਿੱਚ ਭਿੱਜੀ ਹੋਈ ਤੇ ਥੋੜ੍ਹਾ ਜਿਹਾ ਕੁੱਬਾ ਹੋ (ਲੰਬੇ ਹੋਣ ਕਾਰਨ) ਚਲਦੇ ਸਨ ਸ਼ਾਇਦ ਅਵਸਥਾ ਬਿਰਧ ਹੋਣ ਕਾਰਨ ਐਸਾ ਹੋ ਗਿਆ ਹੋਵੇ। ਮਾਸ-ਸ਼ਰਾਬ ਜਾਂ ਹੋਰ ਕਿਸੇ ਵੀ ਨਸ਼ੇ ਦਾ ਸੇਵਨ ਨਹੀਂ ਕਰਦੇ

ਸਨ। ਬਹੁਤ ਸਾਦਾ ਭੋਜਨ ਕਰਦੇ ਸਨ, ਬਹਾਰ ਜਾਂ ਥਾਂ-ਕੁ ਥਾਂ ਬਾਹਰ ਦੀਆਂ ਚੀਜਾਂ ਖਾਣ ਤੋਂ ਪ੍ਰਹੇਜ ਕਰਦੇ ਸਨ। ਕੁਝ ਕੁ ਸਮਾਂ ਆਪ ਰਾਘੋ ਮਾਜਰਾ ਦੇ ਇਕ ਗੁਰਦੁਆਰਾ ਸਾਹਿਬ ਪ੍ਰੇਮੀ ਸਭਾ ਅੰਦਰ ਵੀ ਕਰਾਏ ਤੇ ਰਹੇ। ਆਪ ਜੀ ਪਾਸ ਸੰਗੀਤ ਦੀ ਪੁਸਤਕ ਜਾਂ ਪੁਰਾਤਨ ਹੱਥ-ਲਿਖਤ, ਜਾਂ ਐਸਾ ਕੋਈ ਸ਼ਸ਼ਤਰ ਜਾਂ ਧਾਰਮਿਕ ਗ੍ਰੰਥ ਆਦਿਕ ਕੋਈ ਨਹੀਂ ਸੀ ਸਿਰਫ਼ ਕੁਝ ਕੁ ਘਰ ਦਾ ਸਮਾਨ, ਚਟਾਈ ਇਕ-ਦੋ ਮੰਜੀਆਂ, ਇਕ-ਦੋ ਟਰੰਕ ਰੋਜ਼ਾਨਾ ਵਰਤਣ ਦੀਆਂ ਕੁਝ ਕੁ ਚੀਜਾਂ ਜਾਂ ਫਿਰ ਦੋ ਸਾਜ਼ (ਤੇ ਦੋ ਸਾਜ਼ਾਂ ਦੀ ਲੱਕੜ) ਇਕ ਪੁਰਾਤਨ ਸਾਇਕਲ, ਉਹ ਵੀ ਦੀਵਾਰ ਤੇ ਟੰਗੀ ਹੋਈ ਰਹਿੰਦੀ ਸੀ। ਕੁਝ ਕੁ ਔਜ਼ਾਰ ਜੋ ਖਾਸ ਕਰਕੇ ਸੁਨਿਆਰਿਆਂ ਦੇ ਪਾਸ ਦੇਖੇ ਜਾਂਦੇ ਹਨ ਐਸੇ ਔਜ਼ਾਰ ਤਾਰਾਂ ਬਾਰੀਕ ਕਰਨ, ਛੋਟੀਆਂ ਹਥੌੜੀਆਂ, ਵਟੀਆਂ ਜਾਂ ਫਿਰ ਸਾਜ਼ਾਂ ਦੇ ਸਬੰਧਤ ਛੋਟੇ -ਛੋਟੇ ਸਮਾਨ ਉਹਨਾਂ ਦਾ ਧਰਮ ਸੁਪਤਨੀ ਵੀ ਘਰ ਦੇ ਛੋਟੇ-ਛੋਟੇ ਕੰਮ ਕਾਰ, ਸਾਰਾ ਦਿਨ ਘਰ ਵਿੱਚ ਰਹਿਣਾ ਜਾਂ ਕਦੇ-ਕਦੇ ਥੱਲੇ ਪਾਣੀ ਭਰਨ ਲਈ ਦਿਨ ਵਿੱਚ ਇਕ ਦੋ ਵਾਰੀ ਉਤਰਨਾ ਆਦਿਕ ਰੁਝੇਵੇਂ ਸਨ। ਆਪ ਜੀ ਪਟਿਆਲੇ ਵਿਖੇ ਗੁਰਪੁਰੀ ਸਿਧਾਰੇ , ਪਰ ਪੱਕੀ ਤਾਰੀਕ ਬਾਰੇ ਪਤਾ ਨਹੀਂ ਲੱਗ ਸਕਿਆ। ਕੁਝ ਕੁ ਸਾਜ-ਸਮਾਨ ਧਰਮ ਸਿੰਘ ਵੈਦ ਪਾਸ ਵੀ ਸੀ ਜੋ ਉਹਨਾਂ ਦੀ ਧਰਮ ਸੁਪਤਨੀ ਦੇ ਕਹਿਣ ਮੁਤਾਬਿਕ ਦਾਨ ਕਰ ਦਿੱਤਾ ਗਿਆ।

ਉਪਰੋਕਤ ਲੇਖ ਵਿਚ ਭਾਈ ਧਰਮ ਸਿੰਘ ਵੈਦ (ਸਨੌਰ) ਸੰਨਿਆਸੀ ਦਵਾਖਾਨਾ, ਧਰਮਪੁਰਾ ਬਜ਼ਾਰ ਪਟਿਆਲਾ ਜੋ ਹਰਨਾਮ ਸਿੰਘ ਹਕੀਮ ਲੁਧਿਆਣੇ ਵਾਲੇ ਦੇ ਕੋਲ ਟੀ. ਬੀ. ਹੋਣ ਕਾਰਨ ਇਲਾਜ ਲਈ ਗਏ ਤੇ ਉਥੋਂ ਹੀ ਹਿਕਮਤ ਸਿੱਖ ਉਹਨਾਂ ਦੇ ਹੀ ਨੁਸਖਿਆਂ ਨਾਲ ਜਨ-ਸਧਾਰਨ ਦਾ ਇਲਾਜ ਕਰਦੇ ਰਹੇ, ਆਪ ਉਸਤਾਦ ਬਾਬਾ ਹਰਨਾਮ ਸਿੰਘ ਦਿਲਰੁਬਾ ਵਾਦਕ ਨਾਲ ਕਾਫ਼ੀ ਮੇਲ-ਜੋਲ ਰੱਖਦੇ ਸਨ। ਅਕਸਰ ਉਸਤਾਦ ਜੀ ਉਹਨਾਂ ਦੀ ਵੀ ਦੁਕਾਨ ਤੇ ਆ ਬੈਠਿਆ ਕਰਦੇ ਸਨ। 8 ਫਰਵਰੀ 1991 ਨੂੰ ਵੈਦ ਜੀ ਗੁਰਪੁਰੀ ਸਿਧਾਰੇ। ਲੇਖਕ ਦਾ ਵੀ ਵੈਦ ਜੀ ਨਾਲ ਬਹੁਤ ਮੇਲ-ਜੋਲ ਸੀ ਤੇ ਪੂਰੀ ਜਾਣਕਾਰੀ ਰੱਖਦੇ ਸਨ। ਉਸਤਾਦ ਜੀ ਦਾ ਇਕ ਵੱਡਾ ਦਿਲਰੁੱਬਾ ਵੀ ਮੈਂ ਉਹਨਾਂ ਦੀ ਦੁਕਾਨ ਤੇ ਦੇਖਿਆ ਸੀ।

ਦੂਸਰੇ ਭਾਈ ਕਿਰਪਾਲ ਸਿੰਘ ਹੈੱਡ ਰਾਗੀ (ਰੀਟਾਇਰਡ) ਗੁ: ਦੁੱਖ ਨਿਵਾਰਨ ਸਾਹਿਬ ਆਪ ਜੀ ਦੇ ਕਥਨ ਅਨੁਸਾਰ ਉਸਤਾਦ ਜੀ ਪਾਸੋਂ ਆਪ ਜੀ ਨੇ ਭੀ ਵਿੱਦਿਆ ਲਈ। ਲੇਖਕ ਉਦੋਂ ਬਹੁਤ ਛੋਟਾ ਸੀ ਪਰ ਆਉਂਦੇ-ਜਾਂਦੇ ਭਾਈ ਕਿਰਪਾਲ ਸਿੰਘ ਜ਼ਰੂਰ ਦੁਕਾਨ ਤੇ ਮਿਲ-ਬੈਠ ਵਾਰਤਾਲਾਪ ਕਰਕੇ ਆਇਆ ਜਾਇਆ ਕਰਦੇ ਸਨ ਪਰ ਵਿਧੀਵਤ ਸ਼ਾਗਿਰਦੀ ਦੀ ਕੋਈ ਸੰਪੂਰਨ ਜਾਣਕਾਰੀ ਨਹੀਂ ਹੋ ਸਕੀ।

ਤੀਸਰੇ ਡਾ. ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਜਿਹਨਾਂ ਨਾਲ 1992-93 ਵਿੱਚ ਕਿਸੇ ਪ੍ਰੋਗਰਾਮ ਹਿੱਤ ਵਾਰਤਾਲਾਪ ਲਈ ਲੇਖਕ ਉਹਨਾਂ ਦੇ ਗ੍ਰਹਿ ਲਹਿਲ-ਦੁੱਖ-ਨਿਵਾਰਨ ਸਾਹਿਬ ਤੋਂ ਅੱਗੇ ਉਹਨਾਂ ਦੀ ਕਿਰਾਏ ਦੀ ਕੋਠੀ ਵਿੱਚ ਮਿਲਿਆ ਸੀ, ਬਹੁਤ ਵਿਚਾਰ ਵਿਮਰਸ਼ ਕਰਨ ਉਪਰੰਤ ਉਹਨਾਂ ਵੱਲੋਂ ਇਕ ਫ਼ੋਟੋ ਉਸਤਾਦ ਬਾਬਾ ਹਰਨਾਮ ਸਿੰਘ ਜੀ ਦੀ ਦਾਸ ਨੂੰ ਉਦਾਰਤਾ ਸਾਹਿਤ ਦਿੱਤੀ, ਕਿਉਂਕਿ ਆਪ ਜੀ ਵੀ ਬਾਬਾ ਜੀ ਦੇ ਜੀਵਨ ਦੀ ਜਾਣਕਾਰੀ ਉਦੋਂ ਚਾਹ ਰਹੇ ਸਨ।

---


# ਨਿੱਤਨੇਮ

**PATH: DR. JAGIR SINGH JI**

**ਜਪੁਜੀ ਸਾਹਿਬ**
**ਜਾਪ ਸਾਹਿਬ**
**ਤ੍ਵ ਪ੍ਰਸਾਦਿ ਸਵੱਯੇ**
**ਚੌਪਈ**
**ਅਨੰਦੁ ਸਾਹਿਬ**
**ਅਰਦਾਸ**

**WORLD'S FIRST NITNEM CD**

ਵਿਦੇਸ਼ਾਂ ਵਿੱਚ ਰਹਿੰਦੇ ਸੱਜਣ ਇਹ ਸੀ. ਡੀ. ਜ਼ਰੂਰ ਮੰਗਵਾਉਣ ਜੀ।

**KFH ENTERPRISES (CANADA)**
Produced by: Rashpal S. Kalsi
Suit# 172-151-10090-152 Street
Surrey, B.C. V3R 8X8 Fax: (604)584-9440
In U.K. 116-N. Hyde Rd, Hayes, Middlesex, U.K. UB3 4NQ
Tel/Fax: 0181-581-1914

**NORTH AMERICAN DISTRIBUTION BY:**
*MUSIC WAVES PROD./RAVIB VIDEO*
Unit 101, 8334-128 Street, Surey. B.C. V3MT 62
Ph: (604) 599-1110-(604) 599-6063

# BACK HOME IN AMRITSAR

## Nirupama Dutt

Sitting in the parikrama at the Harimandir shib in Amritsar with falling on the sarovar and strains of the *Gurbani* reaching my ears, I felt transfomed. The openness of the people and their spirit of service converted me at once. The other rituals came later," says Cornelius Heule, a successful Dutch travel agent, who's given up worldly ambition and is now in the service of the Sikh religion. His new name is Harjinder Singh Khalsa.

Harjinder's is not the lone case. Move through Punjab and you come across people of different nationalities who have chosen the path of Sikhism. There is Darshan Singh Rudel, a Frenchman baptised as Michel Rudel, who's all set to buy twelve acres at Anadhpur Sahib to grow vegetables and rear poultry. There's the comely Gursimaran Kaur, who belongs to the clan of American Sikhs brought into the fold of Sikhism by Harbhajan Yogi, busy managing the computer section of the Anandpur Sahib Foundation, which is preparing for the 300th anniversary of the Khalsa. At the Babeke Gurdwara in Mohali, near Chandigarh, Australian Chris Mooney Singh is immersed in *kirtan* strumming the *rabab*, And also Sumit Kaur, the Danish girl who came to Chandigarh for holidays some nineteen years ago and fell in love with a local boy. She's a practising Sikh; her husband is not.

What is it that makes many people from the West turn eastwards to the fold of Sikhism? No, it is not a passing fad which came to a sad pass with the drift of the flower children into the dizzy world of hallucinogens. The factors that seem to drive these people away from their own religion to alien shores need some understanding. The hippies of the Sixties were full of love, tired of war and materialism, so they were seeking solace in the spirituality of the East. The converts of the Nineties are tired of the institutionalisation of their own religion, excessive consumerism and alienation that has become a part of the Western way of life.

"Go to the churches in the West and it is like visiting a museum, says Harjinder, relaxing in a room in a gurdwara at Chandigarh. "Everything is in place, yet nothing touches the heart. But at Harimandir Sahib what one finds is a living, breathing and throbbing religion that welcomes all into its fold." In India since 1996, Harjinder is now trying to go deep into the scriptures. "I will do some work at Chandigarh, but one week a month will be spent back home in Amritsar," he says.

Does he plan to stay on in India? To this question the reply of this Amritdhari Sikh is, "I like it here, but I would like to go to the West like a good *Granthi* and spread the message of the Gurus." Harjinder, interestingly, had first visited India as a young man of 19 or 20 in 1967-68. "Then, the mood was different. I was looking for a Shangri-la beyond Kathmandu. But this time I am getting nearer and nearer to God."

Though the Punjabis seem to welcome this entry of the white men and women from the First World, many feel it is the novelty of the religion and unfamiliarity that is attracting these new converts. So there is a hesitation in accepting them. And in the countries of their origin, they find many not willing to accept them either. Chris and Harjinder both say the garb of the Sikh is most useful for it will repel the undersirables, while attracting others.

Sumit has the frankness of a Dane when she lists her reasons for rejecting Christianity. "I never quite believed in it," she says. "Any the way Christmas was celebrated, disturbed me. It has been turned into a consumer event. My transition to a practising Sikh was gradual. There was no pressure from the family I was married into. But I just fitted in." It was the death of a young child in the family that led her to read the *Japji Sahib* and then there was no going from it. "Every line of the *Gurbani* made sense to me. And I understood death. for this is one religion that says be ready for it every day." Sikhism helped her find God. "I now have a direct line to God," claim the 41-year-old.

She also laughs and adds that it was not difficult for her to become a Sikh as she always liked to wear her hair long and never liked men without beards. But would she like to be an Amritdhari Sikh. "I am preparing for it, but I am not yet ready for it, The original sin concept of Christainity still haunts me and in Sikhism one has to go without guilt and without fear," she says.

Chris, who traces his ancestry to Ned Kelly, the Australian Robin Hood of Irish descent, says he would like to take Amrit, but for him the real nectar is to be found in Gurbani. "I came to Sikhism after fifteen years of meditation to have direct contact with the scriptures. This is a perfect religion for a poet musicain that I am. It is the inter-faith nature of the religion that drew me to it. it acknowledges difference and finds a common oneness for all," he says.

A free thinker who followed his own way of thought, Chris says his journey has been one of search for the lost *rabab*. And what is his dream? "I don't know when it will come ture," he confides. "But I dream of thousands or Westerners sitting together and doing the *kirtan* in English."

Explains Rudel, son of a policeman brought up in the south of France: "It seems I had a call. My heart has always been in India." He exasperated his parents when he was still an adolescent by refusing to cut his hair or eat meat."I just did not feel like it," he says, very much at home in the Punjabi language. Although Rudel visited India several times, yet it was in 1981 that he joined the Sikh fold. He's now married to an Amritdhari Punjabi Sikh and Anandpur Sahib will soon be his home.

He was most unhappy when the French authorities turned down his request for the change of his name to Darshan Singh. He subsequently changed his name in Britain, where he lived as paying guest with an elderly Punjabi Sikh couple in Southhall. "I was more like their son," he adds. Rudel was most drawn by the Sikh religion for it granted equality to all and did not discriminate on basis of caste and gender.

"In practice, though, I find that caste is still very much prevalent and the women are discriminated against with practices like dowry", says Rudel. His own journey to Sikhism has been purely spiritual. Marriage followed after an article on him in a Sikh studies journal. "The editor happened to know my wife and he brought us together." he remembers, "We were both Gursikhs and spiritually compatible. My wife, however, wishes to remain away from publicity which comes the way of Sikhs from places other than Punjab."

If one doesn't know he's French, Rudel is as Punjabi as they come, preparing a good *desi* cup of tea and welcoming visitors with the typical Punjabi greeting of *Jee aayean nu.* And when time comes to leave. it is not aurevoir, but Wahe Guruji da Khalsa. *Wahe Guruji di Fateh!*

(Courtesy :- Indian Express)

# ਗੁਰਸਿੱਖ ਦੇ ਲੱਛਣ

**ਬਬਲੀ ਐੱਸ. ਸਿੰਘ***

ਗੁਰੂ ਦਾ ਸਿੱਖ ਸਭ ਤੋਂ ਪਹਿਲੇ ਇਕ ਇਨਸਾਨ ਹੁੰਦਾ ਹੈ ਜੋ ਪ੍ਰਭੂ ਦੀ ਯਾਦ ਵਿੱਚ ਰਹਿੰਦਿਆਂ ਇਨਸਾਨੀਅਤ ਦੇ ਰਾਹ ਤੇ ਚਲਦਾ ਹੈ, ਇਨਸਾਨੀਅਤ ਦੇ ਧਰਮ ਨੂੰ ਮੰਨਦਾ ਹੈ ਤੇ ਇਨਸਾਨੀਅਤ ਦੇ ਰਿਸ਼ਤਿਆ ਨੂੰ ਨਿਭਾਉਂਦਾ ਹੈ। ਉਸ ਦੇ ਮਨ ਅੰਦਰ ਇਹੀ ਯਾਦ ਰਹਿੰਦਾ ਹੈ:-

"ਮਨ ਤੂੰ ਜੋਤਿ ਸਰੂਪ ਹੈਂ, ਆਪਣਾ ਮੂਲ ਪਛਾਣੁ।"

(ਆਸਾ ਛੰਤ ਅਲਾੜ ਪੰਨਾ ੪੪੨)

ਧਰਮੀ ਪੁਰਖ ਨੇਮ ਨਾਲ ਪਾਠ-ਪੂਜਾ ਕਰਦਾ ਹੈ ਪ੍ਰਭੂ ਨਾਲ ਜੁੜਦਾ ਹੈ। ਉਠਦਿਆਂ-ਬੈਠਦਿਆਂ, ਕੰਮ ਕਰਦਿਆਂ, ਜਾਗਦਿਆਂ-ਸੌਂਦਿਆਂ ਪ੍ਰਭੂ ਸਿਮਰਨ ਕਰਦਾ ਹੈ। ਪ੍ਰਭੂ ਪ੍ਰਮਾਤਮਾ ਦੀ ਹਰ ਜਗ੍ਹਾ ਤੇ ਮੌਜੂਦਗੀ ਨੂੰ ਮੰਨਦਿਆਂ ਉਸ ਤੋਂ ਡਰਦਾ ਹੈ। ਉਹ ਜਾਣਦਾ ਹੈ:-

*"ਗੋਬਿੰਦ ਭਾਉ ਭਗਤ ਕਾ ਭੁਖਾ"* (ਭਾਈ ਗੁਰਦਾਸ ਜੀ)

ਧਰਮੀ ਪੁਰਖ ਮੰਦੇ ਬੋਲ ਨਾ ਤਾਂ ਬੋਲਦਾ ਹੈ, ਨਾ ਹੀ ਸੁਣਦਾ ਹੈ। ਉਸ ਸਦਾ ਸੋਹਣੇ ਬੋਲ ਬੋਲਦਾ ਹੈ ਤੇ ਹਰ ਵੇਲੇ ਪ੍ਰਭੂ ਪ੍ਰੀਤਮ ਨੂੰ ਪੁੱਛਦਾ ਹੈ:-

*"ਮੁਹੌ ਕਿ ਬੋਲਣੁ ਬੋਲੀਐ, ਜਿਤੁ ਸੁਣਿ ਧਰੇ ਪਿਆਰੁ"*

(ਜਪਜੀ, ਪਨਾ ੨)

ਉਹ ਕਦੀ ਫਿੱਕਾ ਨਹੀਂ ਬੋਲਦਾ ਕਿਉਂਕਿ ਉਸਨੂੰ ਆਪਣੇ ਗੁਰੂ ਦਾ ਹੁਕਮ ਯਾਦ ਹੈ:-

*"ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ"*- ਤੇ ਨਾਲੇ

(ਆਸਾ ਵਾਰ, ਪੰਨਾ ੪੧੩)

*"ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ/ਹਉਂ ਸੰਮਲਿ ਥਕੀ ਜੀ ਉਹ ਕਦੇ ਨ ਬੋਲੈ ਕਉਰਾ।"*

(ਸੂਹੀ ਮ: 5 ਪੰਨਾ ੭੮੪)

ਧਰਮੀ ਪੁਰਖ ਕਿਸੇ ਦਾ ਵੀ ਬੁਰਾ ਨਹੀਂ ਕਰਦਾ ਨਾ ਹੀ ਬੁਰਾ ਚਿਤਵਦਾ ਹੈ। ਸਗੋਂ ਇਸ ਸ਼ਬਦ ਨੂੰ ਯਾਦ ਰੱਖਦਾ ਹੈ:-

*"ਪਰ ਕਾ ਬੁਰਾ ਨਾ ਰਾਖਹੁ ਚੀਤ,*
*ਤੁਮਿ ਕਉ ਦੁਖੁ ਨਹੀ ਭਾਈ ਮੀਤੁ॥*

(ਆਸਾ ਮ: 5 ਪੰਨਾ ੪੩੮੬)

ਉਹ ਸਭ ਦੀ ਮਦਦ ਕਰਦਾ ਹੈ। ਆਪਣਾ ਆਪ ਵਿਸਾਰ ਕੇ ਦੂਜੇ ਦਾ ਭਲਾ ਮੰਗਦਾ ਹੈ, ਭਲਾ ਕਰਦਾ ਹੈ। ਦੁਖੀ ਤੇ ਤਰਸ ਖਾਂਦਾ ਹੈ, ਉਸਦਾ ਮੌਜੂ ਨਹੀਂ ਬਣਾਉਂਦਾ। ਉਸਾ ਦਾ ਦੁੱਖ ਵੰਡਾਉਂਦਾ ਹੈ ਪਰ ਦਰਸਾਉਂਦਾ ਨਹੀਂ। ਉਹ ਇਸ ਸਚਾਈ ਨੂੰ ਮੰਨਦਾ ਹੈ ਕਿ ਜੇ ਪ੍ਰਭੂ ਦੇ ਬਣਾਏ ਇਨਸਾਨਾਂ ਦੀ ਜੀਵਾਂ ਦੀ ਆਤਮਾ ਖੁਸ਼ ਕਰਾਂਗੇ ਤਾਂ ਪ੍ਰਭੂ ਖੁਸ਼ ਹੋਣਗੇ, ਇਹੀ ਅਸਲੀ ਭਗਤੀ ਹੈ, ਪੂਜਾ ਹੈ। ਪ੍ਰਭੂ ਦੇ ਬਣਾਏ ਜੀਵਾਂ ਦੀ ਸੇਵਾ ਪਰਮੇਸ਼ਰ ਦੀ ਸੇਵਾ ਹੈ। ਜੇਕਰ ਸਵੇਰ ਸ਼ਾਮ ਬੈਠ ਕੇ ਪਾਠ ਪੂਜਾ ਕੀਤਾ ਪਰ ਅੱਗੇ ਪਿੱਛੇ ਉਸਦੇ ਜੀਵਾਂ ਦਾ ਦਿਲ ਦੁਖਾਇਆ ਤਾਂ ਪਰਮੇਸ਼ਰ ਖੁਸ਼ ਨਹੀਂ ਸਗੋਂ ਦੁਖੀ ਹੋਵੇਗਾ। ਪ੍ਰਭੂ ਨੂੰ ਪਿਆਰ ਕਰਨਾ ਹੈ ਤਾਂ ਉਸ ਦੇ ਬੱਚਿਆਂ ਵਿੱਚ ਪਿਆਰ ਵੰਡੋ, ਉਨ੍ਹਾਂ ਨੂੰ ਖੁਸ਼ੀ ਦੇਵੋ, ਸੁਖ ਦੇਵੋ ਇਹੀ ਉਸਦੀ ਪੂਜਾ ਹੈ। ਧਰਮੀ ਪੁਰਖ ਯਾਦ ਰੱਖਦਾ ਹੈ ਕਿ:-

*ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਣਾਵਉ*
*ਸਫਲ ਸੁਹਾਗਣਿ ਨਾਨਕਾ ਅਪਨੇ ਪ੍ਰਭ ਭਾਵਉ॥*

(ਬਿਲਾਵਲ ਮ: ੫ ਪੰਨਾ ੮੧੨)

ਧਰਮੀ ਪੁਰਖ ਨਾ ਨਿੰਦਾ ਕਰਦਾ ਹੈ ਨਾ ਨਿੰਦਾ ਸੁਣਦਾ ਹੈ, ਸਗੋਂ ਉਹ ਸਭ ਨੂੰ ਚੰਗਾ ਹੀ ਕਹਿੰਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਹਰ ਜੀਵ ਵਿੱਚ ਪ੍ਰਭੂ ਆਪ ਵਸ ਰਿਹਾ ਹੈ ਫਿਰ ਮੰਦਾ ਕਿਸ ਨੂੰ ਕਹਾਂ। ਉਹ ਸਮਝਦਾ ਹੈ ਕਿ :-

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥*

(ਸੂਹੀ ਮ: ੩, ਪੰਨਾ ੭੫੫)

ਉਹ ਕਾਮ, ਕਰੋਧ, ਲੋਭ ਮੋਹ ਅਤੇ ਹੰਕਾਰ ਪੰਜਾਂ ਸ਼ੈਤਾਨਾਂ ਤੋਂ ਦੂਰ ਰਹਿੰਦਾ ਹੈ। ਉਸ ਅੰਦਰ ਈਰਖਾ ਕਦੀ ਨਹੀਂ-ਪੈਂਦਾ ਹੁੰਦੀ ਸਗੋਂ ਉਹ ਸਭ ਦੀ ਖੁਸ਼ੀ ਦੇਖ ਕੇ ਖੁਸ਼ ਹੁੰਦਾ ਹੈ। ਗੁਰੂ ਮਹਾਰਾਜ ਨੇ ਫੁਰਮਾਇਆ ਹੈ:-

*ਜਿਸ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥*

(ਸਲੋਕ ਮ: ੪, ਪੰਨਾ ੩੦੮)

ਧਰਮੀ ਪੁਰਖ ਸੁਖ-ਖੁਸ਼ੀ ਮਿਲਣ ਤੇ ਬਹੁਤਾ ਉਛਲਦਾ ਨਹੀਂ, ਦੁੱਖ ਆਉਂਣ ਤੇ ਘਬਰਾਉਂਦਾ ਨਹੀਂ। ਦੋਨੋਂ ਹਾਲਾਤਾ ਵਿਚ ਮਨ ਦੀ ਅਵਸਥਾ ਨੂੰ ਸ਼ਾਂਤ ਤੇ ਸਹਿਜ ਰੱਖਦਾ ਹੈ। ਸੁੱਖ ਵਿੱਚ ਨਿਮਰਤਾ ਭਰੇ ਸ਼ੁਕਰਾਨੇ ਵਿੱਚ ਭਰਿਆ-ਰਹਿੰਦਾ ਹੈ ਤੇ ਦੁੱਖ ਨੂੰ ਦਾਤੇ ਦੀ ਰਜ਼ਾ ਮੰਨ ਕੇ ਸਵੀਕਾਰ ਕਰਦਾ ਹੈ।

ਉਹ ਆਏ ਦੁੱਖ ਤੇ ਮੁਸੀਬਤਾਂ ਦਾ ਦੋਸ਼ ਕਿਸੇ ਹੋਰ ਤੇ ਨਹੀਂ ਥੋਪਦਾ। ਉਹ ਕਰਮ-ਭੂਮੀ ਵਿਚ ਕੀਤੇ ਕਰਮਾਂ ਤੇ ਵਿਸ਼ਵਾਸ਼ ਮੰਨਦਾ ਹੈ। ਉਹ ਸਮਝਦਾ ਹੈ ਕਿ :-

*ਦਦੈ ਦੋਸ ਨਾ ਦੇਊ ਕਿਸੈ ਦੋਸ ਕਰੰਮਾ ਆਪਣਿਆ॥*
*ਜੋ ਮੈਂ ਕੀਆ ਸੋ ਮੈਂ ਪਾਇਆ ਦੋਸ ਨ ਦੀਜੈ ਅਵਰ ਜਨਾ॥*

(ਆਸਾ ਮ: ੧, ਪੰਨਾ ੪੩੩)

ਮੂਰਖ ਤੇ ਮਨਮੁਖ ਹਰ ਵਕਤ ਦੂਜਿਆਂ ਨੂੰ ਦੋਸ਼ ਦੇ ਕੇ ਆਪਣੇ ਕਰਮ ਹੋਰ ਵੀ ਮਾੜੇ ਕਮਾਉਂਦੇ ਹਨ ਤੇ ਜ਼ਿੰਦਗੀ ਗਾਲਦੇ ਹਨ। ਪਰ ਧਰਮੀ ਪੁਰਖ ਪ੍ਰਭੂ ਨੂੰ ਯਾਦ ਕਰਦਿਆਂ ਸੋਹਣੇ ਕਰਮ ਕਮਾਉਂਦਾ ਹੈ ਤੇ ਇਹੀ ਕਹਿੰਦਾ ਹੈ:-

*ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ*
*ਗੁਰਮੁਖਿ ਨਿਮਾਣਾ ਹੋਹੁ॥*

ਤੇ ਸਤਿਗੁਰੂ ਤੋਂ ਇਹੀ ਅਸ਼ੀਰਵਾਦ ਮੰਗਦਾ ਹੈ:-

*ਰਾਖਨਹਾਰੇ ਪ੍ਰਭ ਪਿਆਰੇ*
*ਮੁਝ ਤੇ ਕਛੂ ਨ ਹੋਆ ਹੋਨ॥*
*ਸੂਖ ਸਹਜ ਆਨੰਦ ਨਾਨਕ*
*ਕ੍ਰਿਪਾ ਤੇਰੀ ਤਰੇ ਭਉਨ॥* (ਆਸਾ ਮ: ੫, ਪੰਨਾ ੪੫੮)

---

* 35/1 ਬੀ. ਮਾਡਲ ਗਰਾਮ, ਲੁਧਿਆਣਾ

# ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਅਨੋਖਾ ਉੱਦਮ ਕਰਨ ਵਾਲੀ ਬੀਬੀ ਸਤਨਾਮ ਕੌਰ

ਬੰਬਈ ਵਿਚ ਕਿਸੇ ਵੀ ਚੰਗੇ ਸਿੱਖ ਨੂੰ ਪੁੱਛੋਂ, "ਬੀਬੀ ਸਤਨਾਮ ਕੌਰ ਨੂੰ ਜਾਣਦੇ ਹੋ ?"

ਤੁਰਤ ਜਵਾਬ ਮਿਲੇਗਾ, "ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਵਾਲੀ ਬੀਬੀ ਸਤਨਾਮ ਕੌਰ ਨੂੰ ਕੌਣ ਨਹੀਂ ਜਾਣਦਾ ਜੀ?"

ਬੀਬੀ ਸਤਨਾਮ ਕੌਰ ਪਿਛਲੇ ਕਈ ਵਰ੍ਹਿਆਂ ਤੋਂ ਆਪਣਾ ਸਾਰਾ ਸਮਾਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਖਰਚ ਕਰ ਰਹੇ ਹਨ। ਉਹ ਪਹਿਲਾਂ ਗੋਦਰੇਜ ਕਾਲੋਨੀ ਵਿਚ ਕੰਪਨੀ ਦੇ ਸਕੂਲ ਵਿਚ ਪੜ੍ਹਾਂਦੇ ਹੁੰਦੇ ਸਨ। ਉਦੋਂ ਹੀ ਉਨ੍ਹਾਂ ਦੇ ਮਨ ਵਿਚ ਆਇਆ ਕਿ ਦੁਨਿਆਵੀ ਪੜ੍ਹਾਈ ਤਾਂ ਬੱਚਿਆਂ ਨੂੰ ਕੋਈ ਵੀ ਪੜ੍ਹਾ ਸਕਦੈ ਪਰ ਜੇ ਇਨ੍ਹਾਂ ਨੂੰ ਗੁਰਬਾਣੀ ਨਾਲ ਛੋਟੀ ਉਮਰੇ ਹੀ ਜੋੜਨ ਵਿਚ ਸਫ਼ਲਤਾ ਮਿਲ ਜਾਏ ਤਾਂ ਇਹ ਜੀਵਨ ਸਫ਼ਲ ਕਰਨ ਵਾਲੀ ਗੱਲ ਹੋਵੇਗੀ। ਉਨ੍ਹਾਂ ਨੇ ਕੁੱਝ ਮਾਪਿਆਂ ਨਾਲ ਗੱਲ ਚਲਾਈ। ਮਾਪਿਆਂ ਨੂੰ ਬਹੁਤ ਚੰਗੀ ਲੱਗੀ। ਛੋਟੇ ਛੋਟੇ ਬੱਚਿਆਂ ਨੂੰ ਉਨ੍ਹਾਂ ਨੇ ਬੜੇ ਪਿਆਰ ਨਾਲ ਜਪੁ ਜੀ ਸਾਹਿਬ ਦੀਆਂ ਪੌੜੀਆਂ ਦੇ ਅਰਥ ਸੌਖੀ ਭਾਸ਼ਾ ਵਿਚ ਸਮਝਾਣੇ ਸ਼ੁਰੂ ਕੀਤੇ। ਸ਼ੁਰੂ ਵਿਚ ਕਠਨਾਈ ਵੀ ਆਈ ਪਰ ਹੌਲੀ ਹੌਲੀ ਬੱਚੇ ਦਿਲਚਸਪੀ ਲੈਣ ਲੱਗੇ।

ਅਗਲੀ ਵਾਰ ਉਨ੍ਹਾਂ ਬੱਚਿਆਂ ਨੂੰ ਸਵਾਲ ਕੀਤਾ, "ਬੱਚਿਉ ਲਿਖ ਕੇ ਦੱਸੋ ਜਪੁ ਜੀ ਸਾਹਿਬ ਦੀ ਕਿਹੜੀ ਤੁਕ ਤੁਹਾਨੂੰ ਸੱਭ ਤੋਂ ਵੱਧ ਪਸੰਦ ਆਈ ਤੇ ਕਿਉਂ?"

ਬੱਚਿਆਂ ਨੇ ਬੜੇ ਸੋਹਣੇ ਜਵਾਬ ਲਿਖ ਕੇ ਦਿੱਤੇ। ਬੀਬੀ ਸਤਨਾਮ ਕੌਰ ਦਾ ਹੌਸਲਾ ਵੱਧ ਗਿਆ। ਫਿਰ ਉਨ੍ਹਾਂ ਬੱਚਿਆਂ ਨੂੰ ਗੁਰਬਾਣੀ ਦੀਆਂ ਤੁਕਾਂ ਦੇ ਰੰਗੀਨ ਚਾਰਟ ਤੇ ਕਾਰਡ ਬਨਾਉਣੇ ਵੀ ਸਿਖਾ ਦਿਤੇ। ਬੱਚਿਆਂ ਨੂੰ ਇਹ ਕੰਮ ਬਹੁਤ ਚੰਗਾ ਲੱਗਾ ਤੇ ਉਨ੍ਹਾਂ ਦੀ ਗੁਰਬਾਣੀ ਵਿਚ ਦਿਲਚਸਪੀ ਹੋਰ ਵੀ ਵੱਧ ਗਈ।

ਬੀਬੀ ਸਤਨਾਮ ਕੌਰ ਨੂੰ ਆਪਣੇ ਜੀਵਨ ਦਾ ਲਕਸ਼ ਨਜ਼ਰ ਆ ਗਿਆ ਸੀ। ਉਹਨਾਂ ਫ਼ੈਸਲਾ ਕੀਤਾ ਕਿ ਉਹ ਨੌਕਰੀ ਤੋਂ ਅਸਤੀਫ਼ਾ ਦੇ ਕੇ ਬਾਕੀ ਦਾ ਜੀਵਨ ਇਸ ਕੰਮ ਲਈ ਹੀ ਲਾ ਦੇਣਗੇ। ਨੌਕਰੀ ਛੱਡਣ ਉਪ੍ਰੰਤ ਉਨ੍ਹਾਂ ਆਪਣੇ ਘਰ ਵਿਚ ਹੀ ਨਹੀਂ, ਦੂਜਿਆਂ ਦੇ ਘਰਾਂ ਵਿਚ ਜਾ ਕੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਸਿਲਸਿਲਾ ਜਾਰੀ ਰਖਿਆ। ਬੱਚਿਆਂ ਦੀ ਗਿਣਤੀ ਵਧਣ ਲੱਗੀ। ਥਕਾਵਟ ਮਹਿਸੂਸ ਕਰਨ ਦੀ ਬਜਾਏ ਬੀਬੀ ਸਤਨਾਮ ਕੌਰ ਸਗੋਂ ਹੋਰ ਤਾਜ਼ਾ-ਦਮ ਮਹਿਸੂਸ ਕਰਨ ਲੱਗ ਪਏ। ਉਨ੍ਹਾਂ ਗੁਰਦਵਾਰਿਆਂ ਵਿਚ ਬੱਚਿਆਂ ਦੀਆਂ ਕਲਾਸਾਂ ਲੈਣੀਆਂ ਸ਼ੁਰੂ ਕਰ ਦਿਤੀਆਂ। ਬੱਚਿਆਂ ਦੇ ਮਾਪੇ ਵੀ ਅਪਣੇ ਬੱਚਿਆਂ ਨੂੰ ਨਾਲ ਲੈ ਕੇ ਕਲਾਸ ਵਿਚ ਪੁਜਦੇ ਤੇ ਕਈ ਵਾਰ ਉਹ ਆਪ ਵੀ ਬੀਬੀ ਜੀ ਦੀਆਂ ਗੱਲਾਂ ਸੁਣਦੇ ਸੁਣਦੇ ਬੱਚਿਆਂ ਨਾਲ ਹੀ ਕਲਾਸ ਵਿਚ ਬੈਠ ਜਾਂਦੇ। ਜੇ ਅੱਜ ਤੁਸੀ ਗੁਰਦਵਾਰਾ ਨੇਵੀ ਨਗਰ ਜਾਂ ਹੋਰ ਕਿਸੇ ਵੀ ਗੁਰਦਵਾਰੇ ਵਿਚ ਬੀਬੀ ਜੀ ਦੀ 'ਕਲਾਸ' ਲੱਗੀ ਵੇਖੋ ਤਾਂ ਤੁਹਾਨੂੰ ਬੱਚਿਆਂ ਨਾਲ ਉਹਨਾਂ ਦੀਆਂ ਮਾਵਾਂ ਵੀ ਬੈਠੀਆਂ ਨਜ਼ਰ ਆ ਜਾਣਗੀਆਂ। ਮਾਵਾਂ ਨੂੰ ਵੀ ਉਨ੍ਹਾਂ ਦੀਆਂ ਗੱਲਾਂ ਦਿਲਚਸਪ ਲਗਦੀਆਂ ਹਨ।

ਪਰ ਬੀਬੀ ਜੀ ਲਈ ਕਲਾਸ ਤੱਕ ਹੀ ਆਪਣੀ ਜ਼ਿੰਮੇਵਾਰੀ ਖ਼ਤਮ ਨਹੀਂ ਸਮਝਦੇ। ਉਸ ਤੋਂ ਬਾਅਦ ਉਹ ਹਰ ਬੱਚੇ ਦੇ ਜਨਮ ਦਿਨ ਤੇ ਉਸ ਨੂੰ ਛਪੇ ਹੋਏ ਕਾਰਡ ਭੇਜ ਕੇ ਗੁਰਬਾਣੀ ਅਤੇ ਇਤਿਹਾਸ ਨਾਲ ਉਸ ਦੀ ਦਿਲਚਸਪੀ ਵਿਚ ਵਾਧਾ ਕਰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਡੁਪਲੈਕਸ ਬੋਰਡ ਦੇ ਵਧੀਆ ਕਾਰਡ ਛਪਵਾ ਕੇ ਰੱਖੇ ਹੋਏ ਹਨ ਜਿਨ੍ਹਾਂ ਉਪਰ ਕਿਸੇ ਇਕ ਗੁਰੂ ਸਾਹਿਬ ਜਾਂ ਕਿਸੇ ਇਕ ਸਿੱਖ ਸ਼ਖ਼ਸੀਅਤ ਬਾਰੇ ਸੰਖੇਪ ਵਿਚ ਦਿਲਚਸਪ ਜਾਣਕਾਰੀ ਦਿਤੀ ਹੋਈ ਹੁੰਦੀ ਹੈ। ਇਹ ਜਾਣਕਾਰੀ ਭਰਪੂਰ ਕਾਰਡ ਉਹ ਬੱਚਿਆਂ ਨੂੰ ਅਕਸਰ ਭੇਜਦੇ ਰਹਿੰਦੇ ਹਨ। ਜਿਸ ਨਾਲ ਬੱਚਿਆਂ ਦਾ ਉਨ੍ਹਾਂ ਨਾਲ ਰਾਬਤਾ ਬਣਿਆ ਰਹਿੰਦਾ ਹੈ ਤੇ ਗੁਰਬਾਣੀ, ਸਿੱਖ ਇਤਿਹਾਸ ਨਾਲ ਉਨ੍ਹਾਂ ਦਾ ਨਾਤਾ ਸਦੀਵੀ ਬਣ ਜਾਂਦਾ ਹੈ।

ਬੱਚਿਆਂ ਨੂੰ ਥੋੜ੍ਹਾ ਸਮਾਂ ਪੜ੍ਹਾਉਣ ਉਪ੍ਰੰਤ, ਗੁਰਬਾਣੀ ਬਾਰੇ ਜੋ ਸਵਾਲ ਬੀਬੀ ਜੀ ਪੁੱਛਦੇ ਹਨ, ਉਨ੍ਹਾਂ ਦੇ ਲਿਖਤੀ ਜਵਾਬ ਬਹੁਤ ਹੀ ਦਿਲਚਸਪ ਹੁੰਦੇ ਹਨ। ਬੀਬੀ ਜੀ ਚਾਹੁੰਦੇ ਹਨ ਕਿ ਇਹ ਸਾਰੇ ਸਵਾਲ ਜਵਾਬ ਇਕੱਠੇ ਕਰ ਕੇ ਇਕ ਪੁਸਤਕ ਛਪਵਾ ਦਿੱਤੀ ਜਾਵੇ।

ਇਹ ਸਾਰਾ ਕੁੱਝ ਕਰਨ ਲਈ ਪੈਸਾ ਵੀ ਤਾਂ ਕਾਫ਼ੀ ਚਾਹੀਦਾ ਹੋਵੇਗਾ ? ਬੀਬੀ ਜੀ ਦੀ ਸਹਾਇਤਾ ਕੌਣ ਕਰਦਾ ਹੈ ?

ਉਹ ਸਾਰਾ ਖ਼ਰਚਾ ਅਪਣੇ ਕੋਲੋਂ ਕਰਦੇ ਹਨ। ਉਨ੍ਹਾਂ ਦੇ ਪਤੀ ਅਤੇ ਪ੍ਰਵਾਰ ਦੇ ਦੂਜੇ ਜੀਅ ਵੀ ਉਨ੍ਹਾਂ ਨੂੰ ਪੂਰਾ ਸਹਿਯੋਗ ਦੇਂਦੇ ਹਨ। ਉਹ ਅਪਣੀ ਪੈਨਸ਼ਨ ਦੇ ਪੈਸੇ ਇਸ ਪਾਸੇ ਲਾ ਕੇ ਬਹੁਤ ਖੁਸ਼ ਹੁੰਦੇ ਹਨ।

ਇਹੀ ਤਾਂ 'ਸੱਚਾ ਸੌਦਾ' ਹੈ ਜਿਸ ਦੀ ਸਿੱਖਿਆ ਗੁਰੂ ਨਾਨਕ ਨੇ ਦਿੱਤੀ ਸੀ!

ਉਨ੍ਹਾਂ ਨੂੰ ਪੈਸਿਆਂ ਦੀ ਲੋੜ ਨਹੀਂ, ਬਸ ਇਕੋ ਚਾਹ ਹੈ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਗੁਰਬਾਣੀ ਨਾਲ ਜੋੜ ਕੇ ਇਹ ਜੀਵਨ ਸਫ਼ਲਾ ਕਰ ਜਾਣ। ਬੰਬਈ ਦੇ ਕਈ ਗੁਰਦੁਵਾਰਿਆਂ ਵਲੋਂ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ ਹੈ ਪਰ ਉਨ੍ਹਾਂ ਨੂੰ ਖੁਸ਼ੀ ਉਦੋਂ ਹੋਵੇਗੀ ਜਦੋਂ ਹਰ ਸ਼ਹਿਰ, ਪਿੰਡ ਤੇ ਕਸਬੇ ਵਿਚ ਪੜ੍ਹੀਆਂ ਲਿਖੀਆਂ ਸਿੱਖ ਬੀਬੀਆਂ ਉਨ੍ਹਾਂ ਵਾਂਗ ਹੀ ਸਿੱਖ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਨ ਦੇ ਉਪਰਾਲੇ ਸ਼ੁਰੂ ਕਰ ਦੇਣਗੀਆਂ। ਇਸ ਵੇਲੇ ਸਿੱਖ ਪੰਥ ਵਿਚ ਇਕੱਲੇ ਤੌਰ ਤੇ ਅਜਿਹਾ ਉੱਦਮ ਕਰਨ ਵਾਲੀ ਇਹ ਸ਼ਾਇਦ ਇਕੋ ਇਕ ਬੀਬੀ ਹਨ ਤੇ ਇਸੇ ਲਈ ਉਹ ਸਮੁੱਚੇ ਪੰਥ ਦੇ ਸਨਮਾਨ ਦੇ ਪੂਰੇ ਹੱਕਦਾਰ ਹਨ!

ਬੀਬੀ ਜੀ ਨਾਲ ਹੇਠ ਲਿਖੇ ਪਤੇ ਤੇ ਸੰਪਰਕ ਕੀਤਾ ਜਾ ਸਕਦਾ ਹੈ:-

*B-304, Salvador,*
*Shastri Nagar, Four Bunglour*
*Andheri (west) Mumbai - 140 053*

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਉਦੇਸ਼ ਤੇ ਲਕਸ਼

1. ਸਿੱਖੀ ਦੇ ਪ੍ਰਚਾਰ ਲਈ ਪੜ੍ਹੇ ਲਿਖੇ ਤੇ ਧਰਮ ਪ੍ਰਤੀ ਸ਼ਰਧਾ ਰੱਖਣ ਵਾਲੇ ਵਿਅਕਤੀਆਂ ਨੂੰ ਉਤਸ਼ਾਹਿਤ ਕਰਕੇ ਸਿੱਖ ਪ੍ਰਚਾਰਕਾਂ ਦਾ ਸਥਾਈ ਵਰਗ (Regular Cadre) ਤਿਆਰ ਕਰਨਾ।
2. ਇਨ੍ਹਾਂ ਪ੍ਰਚਾਰਕਾਂ ਨੂੰ ਮਾਣ ਇੱਜ਼ਤ ਵਾਲਾ ਸਥਾਨ ਦੇਵਾਣਾ। ਇਨ੍ਹਾਂ ਵਾਸਤੇ ਨੌਕਰੀ ਦੀ ਪ੍ਰਪੱਕਤਾ ਬਣਾਈ ਰੱਖਣ ਦਾ ਯਤਨ ਕਰਨਾ ਅਤੇ ਯੋਗ ਵੇਤਨ ਦਾ ਪ੍ਰੰਬਧ ਕਰਨਾ। ਇਸ ਦੇ ਨਾਲ ਨਾਲ ਸ਼ੋਸਲ ਸਿਕਿਉਰਟੀ, ਬੱਚਿਆਂ ਦੀ ਤਾਲੀਮ ਤੇ ਸਿਹਤ ਸਹੂਲਤਾਂ ਦਾ ਮੁਹੱਈਆ ਕਰਨਾ।
3. ਟ੍ਰੇਨਿੰਗ ਤੇ ਪ੍ਰਮਾਣਿਕ ਸਾਹਿਤ ਰਾਹੀਂ ਸਿੱਖੀ ਦੇ ਪ੍ਰਚਾਰ ਵਿੱਚ ਇੱਕਸਾਰਤਾ ਲਿਆਉਣ ਦਾ ਯਤਨ ਕਰਨਾ। ਹੋਰਨਾਂ ਧਰਮਾਂ ਪ੍ਰਤੀ ਜਾਗਰੂਕ ਕਰਨ ਤੇ ਅਧਿਐਨ ਕਰਨ ਵਾਸਤੇ ਉਨ੍ਹਾਂ ਵਿੱਚ ਰੁੱਚੀ ਪੈਦਾ ਕੀਤੀ ਜਾਵੇਗੀ। ਗੁਰੂਆਂ ਦੇ ਉਪਦੇਸ਼ਾਂ ਤੇ ਦਿੱਤੀਆਂ ਸਿੱਖਿਆਵਾਂ ਨੂੰ ਰਸਾਲਿਆਂ, ਮੈਗਜੀਨਾਂ ਤੇ ਹੋਰ ਲਿਟਰੇਚਰ ਰਾਹੀਂ ਦੇਸ਼ੀ ਦੇ ਵਿਦੇਸ਼ੀ ਭਾਸ਼ਾਵਾਂ ਵਿੱਚ ਉਲਥਾ ਕਰਵਾ ਕੇ ਲੋਕਾਂ ਤੱਕ ਪਹੁੰਚਾਣ ਲਈ ਕੋਸ਼ਿਸ਼ ਕਰਨਾ।
4. ਗੁਰੂਆਂ ਵੱਲੋਂ ਦਿੱਤੇ "ਸਰਬੱਤ ਦੇ ਭਲੇ" ਦੇ ਮਿਸ਼ਨ ਨੂੰ ਪੂਰਾ ਕਰਨ ਲਈ ਪ੍ਰਚਾਰਕ ਤਿਆਰ ਕੀਤੇ ਜਾਣਾ, ਉਨ੍ਹਾਂ ਸਾਰੀਆਂ ਕਾਰਜ ਵਿਧੀਆਂ ਨੂੰ ਅਪਣਾਉਣ ਦਾ ਯਤਨ ਕਰਨਾ ਜਿਸ ਸਦਕਾ ਗਰੀਬਾਂ, ਜ਼ਰੂਰਤਮੰਦਾਂ, ਵਿੱਦਿਆਰਥੀਆਂ, ਯਤੀਮਾਂ, ਵਿਧਵਾਵਾਂ ਦੇ ਭਲੇ ਲਈ ਕੰਮ ਬਿਨਾਂ ਕਿਸੇ ਜਾਤੀ ਵਰਗ, ਲਿੰਗ-ਭੇਦ ਅਤੇ ਧਾਰਮਿਕ ਵਖਰੇਵੇਂ ਤੋਂ ਹੋ ਸਕਣ। ਇਨ੍ਹਾਂ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਵੋਕੇਸ਼ਨਲ ਟ੍ਰੇਨਿੰਗਜ਼, ਵਿੱਦਿਅਕ ਸਹੂਲਤਾਂ ਅਤੇ ਸਿਹਤ ਸੰਭਾਲ ਦੇ ਸਾਧਨਾਂ ਦਾ ਜੁਟਾਇਆ ਜਾਣਾ।
5. ਗੁਰੂ ਸਾਹਿਬਾਨ ਦੇ "ਸਾਂਝੀਵਾਲਤਾ ਦੇ ਸੰਦੇਸ਼" ਨੂੰ ਦੂਜੇ ਧਰਮ ਦੇ ਲੋਕਾਂ ਤੱਕ ਪਹੁੰਚਾਣ ਲਈ ਸੁਘੜ ਪ੍ਰਚਾਰਕ ਤਿਆਰ ਕਰਨਾ ਅਤੇ ਮਨੁੱਖਤਾ ਦੇ ਭਲੇ ਲਈ ਉੱਦਮ ਕਰਨਾ।
6. ਇੰਨ੍ਹਾਂ ਉਦੇਸ਼ਾਂ ਤੇ ਲਕਸ਼ਾਂ ਨੂੰ ਅੱਗੇ ਲਿਜਾਣ ਵਾਸਤੇ ਹੋਰ ਸੰਸਥਾਵਾਂ ਤੇ ਲੋਕਾਂ ਦੇ ਸਮੂਹ ਨਾਲ ਰਲ ਕੇ, ਸਾਥ ਦੇ ਕੇ, ਮੱਦਦ ਕਰਕੇ ਚੱਲਿਆ ਜਾਣਾ।
7. "ਗੁਰਮਤਿ ਪ੍ਰਸਾਰ ਸੇਵਾ" ਉਹ ਸਾਧਨ ਅਪਣਾਏਗੀ ਜਿਸ ਰਾਹੀਂ ਉਪਰੋਕਤ ਉਲੀਕੇ ਹੋਏ ਉਦੇਸ਼ਾਂ ਦੀ ਪੂਰਤੀ ਅਤੇ ਸਫਲਤਾ ਸੰਭਵ ਹੋਵੇ।

### ਸੋਸਾਇਟੀ ਵੱਲੋਂ ਆਰੰਭੇ ਗਏ ਪ੍ਰਜੈਕਟ

1. ਗੁਰਮਤਿ ਪ੍ਰਸਾਰ ਸੇਵਕਾਂ ਦਾ ਰੈਗੁਲਰ ਕੇਡਰ 29-3-1998 ਤੋਂ ਆਰੰਭ ਕਰ ਦਿੱਤਾ ਗਿਆ ਹੈ। ਅਰੰਭਤਾ ਦੀ ਅਰਦਾਸ ਅਤੇ ਟ੍ਰੇਨਿੰਗ ਦੀ ਸ਼ੁਰੂਆਤ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਜੀ, ਜਥੇਦਾਰ ਸ਼੍ਰੀ ਕੇਸਗੜ੍ਹ ਸਾਹਿਬ ਨੇ ਕੀਤੀ।
2. ਗੁਰਮਤਿ ਦੇ ਪ੍ਰਸਾਰ ਸੰਬੰਧੀ ਨਵੇਂ ਯੁਗ ਦੇ ਮੀਡੀਆ (Electronic Media ) ਦੇ ਇਸਤੇਮਾਲ ਦੀ ਸ਼ੁਰੂਆਤ।
3. ਨੁਕਤਾ ਬੱਧ ਗੁਰਮਤਿ ਸਮਾਗਮਾਂ ਦਾ ਆਯੋਜਨ ਜਿਨ੍ਹਾਂ ਰਾਹੀਂ ਗੁਰਮਤਿ ਵਿਚਾਰ ਧਾਰਾ ਨਿਖਰ ਕੇ ਸੰਗਤਾਂ ਤੱਕ ਪਹੁੰਚ ਸਕੇ ਅਤੇ ਜੋ ਸਿੱਖ ਦੀ ਜੀਵਨ ਘਾੜਤ ਵਿੱਚ ਸਹਾਈ ਹੋ ਸਕੇ।
4. ਨੁਕਤਾ ਬੱਧ (Targetted) ਸਾਹਿਤ ਦਾ ਪ੍ਰਕਾਸ਼ਨ ਕਰਨਾ।
5. ਸਰਬੱਤ ਦੇ ਭਲੇ ਦੇ ਸੰਕਲਪ ਨੂੰ ਸਾਕਾਰ ਕਰਨ ਵਾਸਤੇ ਚੰਡੀਗੜ੍ਹ ਦੀਆਂ ਕੁਝ ਗਰੀਬ ਕਲੋਨਿਆਂ ਵਿੱਚ ਜਾਤ-ਪਾਤ ਤੇ ਉੱਚ ਨੀਚ ਦੇ ਭੇਦ ਭਾਵ ਤੋਂ ਉੱਪਰ ਉਠ ਕੇ ਲੋੜਵੰਦਾਂ ਲਈ ਮੁਫਤ ਡਾਕਟਰੀ ਸਹਾਇਤਾ ਅਤੇ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।

### ਅਪੀਲ

ਗੁਰਮਤਿ ਪ੍ਰਸਾਰ/ਪ੍ਰਚਾਰ ਨੂੰ ਨੁਕਤਾ ਬੱਧ ਅਤੇ ਸਿਸਟੇਮੈਟਿਕ ਢੰਗ ਨਾਲ ਚਲਾਣ ਲਈ ਆਪਣਾ ਦਸਵੰਧ ਸਫਲ ਕਰੋ ਅਤੇ ਵੱਧ ਤੋਂ ਵੱਧ ਸੋਸਾਇਟੀ ਦੇ ਮੈਂਬਰ ਬਣੋ ਅਤੇ ਹੋਰਨਾਂ ਨੂੰ ਪ੍ਰੇਰੋ ਜੀ।
ਵਧੇਰੇ ਜਾਣਕਾਰੀ ਲਈ ਹੇਠ ਲਿਖੇ ਵੀਰਾਂ/ਭੈਣਾਂ ਨੂੰ ਸੰਪਕਰ ਕਰੋ ਜੀ।


ਚੰਡੀਗੜ੍ਹ।

| | | |
|---|---|---|
| ਮੇਜਰ ਆਗਿਆਪਾਲ (ਰਿਟਾ) ਫੋਨ: 650696 | ਪ੍ਰਧਾਨ | |
| ਸ. ਨਰਿੰਦਰ ਬੀਰ ਸਿੰਘ ਫੋਨ: 667803 | ਮੀਤ ਪ੍ਰਧਾਨ | |
| ਸ. ਰਜਿੰਦਰ ਸਿੰਘ | ਜਨਰਲ ਸਕੱਤਰ. | ਫੋਨ: 600686,661607 |
| ਬੀਬੀ ਪ੍ਰਭਜੋਤ ਕੌਰ | ਜਾਂਇਟ ਸਕੱਤਰ | ਫੋਨ: 695478 |

ਦਿੱਲੀ

| | | |
|---|---|---|
| ਸ. ਕੁਲੰਵਤ ਸਿੰਘ | ਫਾਉਂਡਰ ਮੈਂਬਰ | ਫੋਨ: 5462653 |
| ਸ. ਮਨਵਿੰਦਰ ਪਾਲ ਸਿੰਘ | ਫਾਉਂਡਰ ਮੈਂਬਰ | (R) 6454755 (O) 6984646 |
| ਸ. ਹਰਭਜਨ ਸਿੰਘ | ਫਾਉਂਡਰ ਮੈਂਬਰ | ਫੋਨ: 539020 |

# ਕੁੱਝ ਸੰਗੀਤ ਉਪਯੋਗੀ ਸ਼ਬਦਾਂ ਬਾਰੇ

## ਪ੍ਰੋ. ਕਰਤਾਰ ਸਿੰਘ*

**ਸੰਗੀਤ :-**

ਗਾਇਣ, ਵਾਦਨ ਅਤੇ ਨ੍ਰਿਤ ਇਨ੍ਹਾਂ ਤਿੰਨ੍ਹਾਂ ਕਲਾਵਾਂ ਦੇ ਸੰਗਮ ਨੂੰ ਸੰਗੀਤ ਕਹਿੰਦੇ ਹਨ। ਭਾਵੇਂ ਇਹ ਤਿੰਨੇ ਕਲਾਵਾਂ ਹੀ ਆਪਣਾ ਯੋਗ ਸਥਾਨ ਰੱਖਦੀਆਂ ਹਨ, ਪਰ ਗਾਇਣ ਨੂੰ ਪ੍ਰਧਾਨ ਮੰਨਿਆ ਜਾਂਦਾ ਹੈ, ਕਿਉਂ ਜੋ ਗਾਇਣ ਵਿੱਚ ਸ਼ਬਦ ਦੀ ਸਹਾਇਤਾ ਨਾਲ ਸੰਗੀਤ ਜ਼ਿਆਦਾ ਪ੍ਰਭਾਵਸ਼ਾਲੀ ਹੋ ਜਾਂਦਾ ਹੈ। ਸੰਗੀਤ ਮਨੁੱਖੀ ਜੀਵਨ ਨਾਲ ਸ਼ੁਰੂ ਤੋਂ ਹੀ ਜੁੜਿਆ ਆ ਰਿਹਾ ਹੈ। ਜੀਵਨ ਦੇ ਹਰ ਖੇਤਰ ਵਿਚ ਸੰਗੀਤ ਛਾਇਆ ਹੋਇਆ ਹੈ। ਜਨਮ ਸਮੇਂ, ਮੰਗਣੀ ਸਮੇਂ ਅਤੇ ਵਿਆਹ ਸਮੇਂ ਖੁਸ਼ੀਆਂ ਦੇ ਗੀਤ ਗਾਏ ਜਾਂਦੇ ਹਨ ਤੇ ਬੈਂਡ ਵਾਜੇ ਵਜਾਏ ਜਾਂਦੇ ਹਨ। ਜੀਵਨ ਦੇ ਅੰਤ ਸਮੇਂ ਵੀ ਵਿਛੜੀ ਆਤਮਾ ਦੀ ਸ਼ਾਂਤੀ ਲਈ ਜੀਵ ਨੂੰ ਵੈਰਾਗਮਈ ਸੰਗੀਤ ਨਾਲ ਵਿਦਾ ਕੀਤਾ ਜਾਂਦਾ ਹੈ। ਸੰਗੀਤ ਸੱਚ ਮੁਚ ਮਨੁੱਖਤਾ ਨੂੰ ਇੱਕ ਰੱਬੀ ਬਖਸ਼ਸ਼/ਦੇਣ ਹੈ ਜੋ ਮਨੋਭਾਵਨਾਵਾਂ ਨੂੰ ਪ੍ਰਗਟ ਕਰਨ ਦਾ ਇੱਕ ਬਹੁਤ ਵੱਡਾ ਸਾਧਨ ਹੈ। ਸੰਗੀਤ ਦਾ ਪ੍ਰਭਾਵ ਨਾ ਕੇਵਲ ਮਨੁੱਖ ਤੇ ਹੈ ਬਲਕਿ ਪੰਛੀਆਂ ਤੇ ਖ਼ੂੰਖਾਰ ਦਰੰਦਿਆਂ ਤੇ ਵੀ ਇਸ ਦਾ ਪ੍ਰਭਾਵ ਹੈ। ਹਿਰਨ ਘੰਡੇ-ਹੇੜੇ ਦੀ ਅਵਾਜ਼ ਸੁਣ ਕੇ ਦੌੜਦਾ ਹੈ ਅਤੇ ਆਪਣਾ ਬਲੀਦਾਨ ਦੇ ਦਿੰਦਾ ਹੈ। ਬੀਨ ਦੀ ਅਵਾਜ਼ ਸੁਣ ਕੇ ਸੱਪ ਮਸਤੀ ਵਿਚ ਝੂਮਦਾ ਹੈ। ਬੱਦਲਾਂ ਦੀ ਅਵਾਜ਼ ਸੁਣ ਕੇ ਮੋਰ ਖੁਸ਼ੀ ਨਾਲ ਪੈਲਾਂ ਪਾਉਂਦਾ ਹੈ। ਵਿਗਿਆਨਕਾਂ ਨੇ ਸਿੱਧ ਕਰ ਦਿੱਤਾ ਹੈ ਕਿ ਸੰਗੀਤਮਈ ਵਾਤਾਵਰਨ ਵਿਚ ਗਊਆਂ ਦੁੱਧ ਜ਼ਿਆਦਾ ਦੇਂਦੀਆਂ ਹਨ ਅਤੇ ਪੌਦੇ ਜ਼ਿਆਦਾ ਫਲਦੇ ਫੁਲਦੇ ਹਨ। ਸ਼੍ਰੀ ਬਾਲਾ ਜੀ ਹੈਲਥ ਫਾਉਂਡੇਸ਼ਨ ਬੰਬਈ ਦੇ ਡਾਕਟਰ ਬਾਲਾ ਜੀ ਮੁੰਬਈ ਦੇ ਕਥਨ ਅਨੁਸਾਰ ਰਾਗੁ ਭੈਰਵੀ ਦੇ ਪ੍ਰਭਾਵ ਨਾਲ ਨੀਂਦਰ ਨਾ ਆਉਣ ਵਾਲੇ ਰੋਗੀ ਨੂੰ ਨੀਂਦ ਆਉਣ ਲੱਗ ਜਾਂਦੀ ਹੈ। ਰਾਗੁ ਤੋੜੀ ਦੇ ਪ੍ਰਭਾਵ ਨਾਲ ਬੇਚੈਨੀ ਤੇ ਬਲੱਡ ਪ੍ਰੈਸ਼ਰ ਦੇ ਰੋਗੀ ਨੂੰ ਆਰਾਮ ਮਿਲਦਾ ਹੈ। ਮਾਲਕੌਂਸ, ਤੋੜੀ ਅਤੇ ਭੋਪਾਲੀ ਰਾਗਾਂ ਦੇ ਪ੍ਰਭਾਵ ਨਾਲ ਵੀ ਬਲੱਡ ਪ੍ਰੈਸ਼ਰ ਦੇ ਬਿਮਾਰ ਨੂੰ ਆਰਾਮ ਮਿਲਦਾ ਹੈ।

ਭਗਵਾਨ ਸ਼੍ਰੀ ਕ੍ਰਿਸ਼ਨ ਜੀ ਕਹਿੰਦੇ ਹਨ ਕਿ ਹੇ ਨਾਰਦ ਨਾ ਤਾਂ ਮੈਂ ਬੈਕੁੰਠ ਵਿੱਚ ਰਹਿੰਦਾ ਹਾਂ ਨਾ ਹੀ ਯੋਗੀਆਂ ਦੇ ਮਨਾਂ ਵਿਚ, ਮੈਂ ਉਥੇ ਨਿਵਾਸ ਰਖਦਾ ਹਾਂ, ਜਿਥੇ ਮੇਰੇ ਭਗਤ ਮੈਨੂੰ ਗਾਇਣ ਦੁਆਰਾ ਯਾਦ ਕਰਦੇ ਹਨ।

**ਸੰਗੀਤ ਪੱਧਤੀਆਂ :-**

ਸਾਡੇ ਦੇਸ਼ ਵਿਚ ਸੰਗੀਤ ਦੀਆਂ ਦੋ ਪ੍ਰਚੱਲਿਤ ਪੱਧਤੀਆਂ ਮੰਨੀਆਂ ਗਈਆਂ ਹਨ : ਪਹਿਲੀ ਉੱਤਰੀ ਸੰਗੀਤ ਪੱਧਤੀ ਤੇ ਦੂਜੀ ਦੱਖਣੀ ਸੰਗੀਤ ਪੱਧਤੀ। ਉੱਤਰੀ ਸੰਗੀਤ ਪੱਧਤੀ ਕਰਨਾਟਕ, ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ ਨੂੰ ਛੱਡ ਕੇ ਸਾਰੇ ਹੀ ਦੇਸ਼ ਵਿਚ ਪ੍ਰਚੱਲਤ ਹੈ। ਦੱਖਣੀ ਸੰਗੀਤ ਪੱਧਤੀ ਦੇ ਵਿਦਵਾਨਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਸੰਗੀਤ ਭਾਵੇਂ ਕੁਝ ਪ੍ਰਾਂਤਾਂ ਤੱਕ ਹੀ ਸੀਮਤ ਹੈ ਪਰ ਅਸਲ ਰੂਪ ਵਿਚ ਕਾਇਮ ਹੈ ਜਿਸ ਨੇ ਵਿਦੇਸ਼ੀ ਸੰਗੀਤ ਪ੍ਰਭਾਵ ਨੂੰ ਨਹੀਂ ਕਬੂਲਿਆ। ਉਹਨਾਂ ਦਾ ਇਹੀ ਮੱਤ ਹੈ ਕਿ ਦੇਸ਼ ਦੇ ਇਹ ਖਿੱਤੇ ਬਾਹਰ ਦੇ ਹਮਲਾਵਰਾਂ ਦੀ ਲਪੇਟ ਤੋਂ ਬਚੇ ਰਹਿਣ ਕਾਰਣ ਦੱਖਣੀ ਸੰਗੀਤ ਬਾਹਰੀ ਸੰਗੀਤ ਤੋਂ ਅਪ੍ਰਭਾਵਿਤ ਰਿਹਾ ਇਸ ਲਈ ਉਸ ਦਾ ਅਸਲ ਰੂਪ ਨਹੀਂ ਵਿਗੜ ਸਕਿਆ। ਉੱਤਰੀ ਸੰਗੀਤ ਦੇ ਵਿਦਵਾਨ ਮੰਨਦੇ ਹਨ ਕਿ ਸੰਗੀਤ ਸਦੈਵ ਪਰਵਰਤਨਸ਼ੀਲ ਹੈ। ਜਿਵੇਂ ਸਾਡੇ ਰਹਿਣ ਸਹਿਣ, ਰੀਤੀ ਰਿਵਾਜ ਵਿੱਚ ਬਦਲ ਹੁੰਦਾ ਰਹਿੰਦਾ ਹੈ ਇਸੇ ਤਰ੍ਹਾਂ ਸੰਗੀਤ ਨੇ ਵੀ ਬਦੇਸ਼ੀ ਪ੍ਰਭਾਵ ਸਦਾ ਹੀ ਕਬੂਲਿਆ ਹੈ। ਇਸ ਸੰਗੀਤ ਦਾ ਘੇਰਾ ਇੰਨਾ ਚੌੜਾ ਹੋ ਗਿਆ ਹੈ ਕਿ ਅਜ ਉੱਤਰੀ ਸੰਗੀਤ ਇਸ ਖਿੱਤੇ ਤੱਕ ਹੀ ਸੀਮਤ ਨਹੀਂ, ਬਦੇਸ਼ਾਂ ਵਿੱਚ ਵੀ ਇਸ ਸੰਗੀਤ ਦਾ ਬਹੁਤ ਪ੍ਰਚਾਰ ਹੈ ਤੇ ਇਸਨੂੰ ਹਰਮਨ ਪਿਆਰਾ ਮੰਨਿਆ ਜਾਂਦਾ ਰਿਹਾ ਹੈ। ਦੋਹਾਂ ਹੀ ਪੱਧਤੀਆਂ ਵਿਚ ਕੁਝ ਮੁੱਢਲੇ ਸਿਧਾਂਤ ਇਕੋ ਹੀ ਹਨ ਜਿਵੇਂ ਸ਼ੁਧ ਤੇ ਵਿਕਰਤ ਸਵਰ ਬਾਰਾਂ ਹੀ ਮੰਨੇ ਜਾਂਦੇ ਹਨ ਤੇ ਥਾਟ-ਪੱਧਤੀ ਨੂੰ ਵੀ ਸਵੀਕਾਰ ਕਰਦੇ ਹਨ।

**ਨਾਦ :-**

ਧੁਨੀ ਕੰਪਨ ਤੋਂ ਪੈਦਾ ਹੋਈ ਅਤੇ ਜੋ ਵੀ ਆਵਾਜ਼ਾਂ (ਧੁਨੀਆਂ) ਅਸੀਂ ਸੁਣਦੇ ਹਾਂ ਉਹ ਦੋ ਪ੍ਰਕਾਰ ਦੀਆਂ ਹਨ। ਇਕ ਹਨ ਜੋ ਕੰਨਾਂ ਨੂੰ ਚੰਗੀਆਂ, ਪ੍ਰਿਅ ਲੱਗਦੀਆਂ ਹਨ ਤੇ ਦੂਜੀਆਂ ਕੰਨਾਂ ਨੂੰ ਅਪ੍ਰਿਅ ਲੱਗਦੀਆਂ ਹਨ, ਜਿਵੇਂ ਇੰਜਨ ਦੀ ਛਕ ਛਕ, ਸਕੂਟਰ ਦੀ ਟਰ ਟਰ ਆਦਿ। ਕੰਨਾਂ ਨੂੰ ਪ੍ਰਿਅ ਲਗਨ ਵਾਲੀਆਂ ਧੁਨੀਆਂ ਨੂੰ ਹੀ ਨਾਦ ਕਿਹਾ ਜਾਂਦਾ ਹੈ, ਜੋ ਕੇਵਲ ਸਿਲਸਲੇ ਵਾਰ ਤੇ ਲਗਾਤਾਰ ਧੁਨੀਆਂ ਤੋਂ ਉਤਪੰਨ ਹੁੰਦਾ ਹੈ। ਘੜੀ ਦੀ ਟਿਕ-ਟਿਕ ਸਿਲਸਿਲੇਵਾਰ ਤਾਂ ਹੈ ਪਰ ਲਗਾਤਾਰ ਨਹੀਂ ਕਿਉਂ ਜੋ ਇਕ ਟਿਕ ਤੋਂ ਬਾਦ ਉਸ ਦੀ *Continuity* ਖ਼ਤਮ ਹੋ ਜਾਂਦੀ ਹੈ। ਇਸ ਲਈ ਘੜੀ ਦੀ ਆਵਾਜ਼ ਨਾਦ ਨਹੀਂ ਬਣ ਸਕਦੀ। ਸੁਰ ਕੀਤੇ ਸਾਜ਼ ਨੂੰ ਛੇੜਦੇ ਰਹਿਣ ਨਾਲ ਆਵਾਜ਼ ਲਗਾਤਾਰ ਤੇ ਸਿਲਸਿਲ ਵਾਰ ਹੋਣ ਕਾਰਨ ਨਾਦ ਬਣ ਜਾਂਦੀ ਹੈ।

ਨਾਦ ਦੋ ਪ੍ਰਕਾਰ ਦੇ ਹੁੰਦੇ ਹਨ। ਅਨਾਹਤ ਨਾਦ ਤੇ ਆਹਤ ਨਾਦ।

**ਅਨਾਹਤ ਨਾਦ :-** ਜੋ ਬਿਨਾਂ ਸਪੱਰਸ਼ ਤੋਂ ਉਤਪੰਨ ਹੁੰਦੇ ਹਨ ਤੇ ਜਿਨਾਂ ਨੂੰ ਯੋਗੀ ਆਪਣੇ ਗਿਆਨ ਇੰਦ੍ਰੇ ਬੰਦ ਕਰਕੇ ਆਪਣੇ ਅੰਦਰੋਂ ਪੈਦਾ ਕਰਦੇ ਹਨ ਤੇ ਇਸ ਨੂੰ ਮੁਕਤੀ ਦਾ ਸਾਧਨ ਮੰਨਦੇ ਹਨ ਉਹ ਅਨਾਹਤ ਨਾਦ ਹੈ। ਇਹ ਸੰਗੀਤ ਉਪਯੋਗੀ ਨਾਦ ਨਹੀਂ ਹੈ।

**ਆਹਤ ਨਾਦ :-** ਜੋ ਨਾਦ ਸਪਰੱਸ਼ ਦੁਆਰਾ ਪੈਦਾ ਹੋਵੇ ਜਿਵੇਂ ਤਾਨਪੁਰਾ ਆਦਿ ਛੇੜਨ ਨਾਲ, ਚੋਟ ਦੁਆਰਾ ਤਬਲਾ ਆਦਿ ਬਜਾਉਣ ਨਾਲ, ਤੇ ਹਵਾ ਦੇ ਦਬਾਉ ਨਾਲ ਜਿਵੇਂ ਬੰਸਰੀ, ਹਾਰਮੋਨੀਅਮ ਆਦਿ ਤੋਂ ਪੈਦਾ ਹੁੰਦੇ ਹਨ ਉਹ ਆਹਤ ਨਾਦ ਹੁੰਦਾ ਹੈ। ਸਾਡਾ ਸਾਰਾ ਸੰਗੀਤ ਆਹਤ ਨਾਦ ਦੇ ਅੰਤਰਗਤ

* 99 ਬੀ. ਸ਼ਾਸਤਰੀ ਨਗਰ, ਲੁਧਿਆਣਾ

ਆਉਂਦਾ ਹੈ। ਵਿਦਵਾਨਾਂ ਨੇ ਨਾਦ ਦੇ ਤਿੰਨ ਲੱਛਣ ਮੰਨੇ ਹਨ।

(1) **ਨਾਦ ਦਾ ਛੋਟਾ ਵੱਡਾ ਹੋਣਾ** :- ਜਦੋਂ ਨਾਦ ਦੀ ਆਵਾਜ਼ ਜ਼ਿਆਦਾ ਜ਼ੋਰ ਦੀ ਨਹੀਂ ਸੁਣਾਈ ਦੇਂਦੀ ਤਾਂ ਉਹ ਨਾਦ ਦਾ ਛੋਟਾ ਹੋਣਾ ਹੈ ਤੇ ਜਦੋਂ ਨਾਦ ਜ਼ੋਰ ਦੀ ਸੁਣਾਈ ਦੇਵੇ ਤਾਂ ਉਹ ਨਾਦ ਦਾ ਵੱਡਾ ਹੋਣਾ ਹੈ। ਇਸ ਵਿਚ ਸਵਰ ਤਾਂ ਉਹੀ ਰਹੇਗਾ ਪਰ ਜ਼ੋਰਦਾਰ ਨਾਦ ਵੱਡਾ ਹੋਣਾ ਹੈ ਤੇ ਹੌਲੀ ਨਾਦ ਨੂੰ ਛੋਟਾ ਹੋਣਾ ਕਹਿਆ ਜਾਵੇਗਾ। ਨਾਦ ਦੀ ਚੌੜਾਈ ਵਧ ਜਾਣ ਤੇ ਵੱਡਾ ਤੇ ਘੱਟ ਜਾਣ ਤੇ ਛੋਟਾ ਹੋ ਜਾਏਗਾ ਪਰ ਅੰਦਲੋਨ ਸੰਖਿਆ ਉਹੀ ਰਹਿੰਦੀ ਹੈ।

(2) **ਨਾਦ ਦਾ ਉੱਚਾ ਨੀਵਾਂ ਹੋਣਾ** :- ਜਦੋਂ ਨਾਦ ਆਰੋਹ ਕਰਮ ਸ ਤੋਂ ਰ, ਰ ਤੋਂ ਗ ਭਾਵ ਉੱਚੇ ਸਵਰ ਹੁੰਦੇ ਜਾਣਗੇ ਤਾਂ ਨਾਦ ਦਾ ਉੱਚਾ ਹੋਣਾ ਕਹਿਆ ਜਾਵੇਗਾ, ਤੇ ਜਦੋਂ ਨਾਦ ਅਵਰੋਹ ਕਰਮ ਵਿਚ ਜਿਵੇਂ ਸਂ ਤੋਂ ਨ, ਨ ਤੋਂ ਧ ਇਸ ਤਰ੍ਹਾਂ ਸਵਰ ਨੀਵੇਂ ਲਗਾਉਣ ਨਾਲ ਨਾਦ ਨੀਵਾਂ ਹੋ ਜਾਏਗਾ। ਜੇ ਅੰਦੋਲਨ ਸੰਖਿਆ ਵੱਧਦੀ ਹੈ ਤਾਂ ਨਾਦ ਉੱਚਾ ਹੈ ਜੇ ਅੰਦੋਲਨ ਸੰਖਿਆ ਘਟਦੀ ਹੈ ਤਾਂ ਨਾਦ ਨੀਵਾਂ ਹੈ।

(3) **ਨਾਦ ਦੀ ਜਾਤੀ** :- ਨਾਦ ਦੀ ਜਾਤੀ ਤੋਂ ਭਾਵ ਨਾਦ ਦੇ ਉਤਪਾਦਿਕ ਤੋਂ ਹੈ। ਅਸੀਂ ਨਾਦ ਸੁਣ ਕੇ ਹੀ ਸਮਝ ਜਾਂਦੇ ਹਾਂ ਕਿ ਨਾਦ ਕਿਸੇ ਵਿਅਕਤੀ ਦੇ ਗਾਇਣ ਦਾ ਹੈ ਜਾਂ ਸਿਤਾਰ ਵਾਦਨ ਹੈ ਜਾਂ ਕਿਸੇ ਹੋਰ ਸਾਜ਼ ਤੋਂ ਨਾਦ ਆ ਰਿਹਾ ਹੈ।

4. ਸ਼ਰੁਤੀ :-

ਸ਼ਰੁ ਤੇ ਤੀ ਦੇ ਮੇਲ ਨਾਲ ਬਣਿਆ ਹੈ। ਸ਼ਰੁ ਦਾ ਅਰਥ ਹੈ ਸੁਨਣਾ ਤੇ ਸ਼ਰੁਤੀ ਦਾ ਅਰਥ ਹੈ ਸੁਣਿਆ ਹੋਇਆ। ਸੰਗੀਤ ਉਪਯੋਗੀ ਨਾਦ ਜੋ ਇਕ ਦੂਜੇ ਤੋਂ ਵਖ ਸੁਣਿਆ ਜਾ ਸਕੇ ਤੇ ਪਹਿਚਾਣਿਆ ਜਾ ਸਕੇ ਉਹ ਸ਼ਰੁਤੀ ਹੈ। ਸ਼ਰੁਤੀ ਸੰਗੀਤ ਦੀ ਜਨਨੀ ਹੈ। ਇਕ ਸਵਰ ਦੀਆਂ ਸ਼ਰੁਤੀਆਂ ਵਿਚੋਂ ਜਦੋਂ ਕੋਈ ਇਕ ਸ਼ਰੁਤੀ ਰਾਗ ਵਿਚ ਸਵਰ ਦਾ ਰੂਪ ਬਣ ਜਾਂਦੀ ਹੈ ਤਾਂ ਦੂਜੀਆਂ ਸ਼ਰੁਤੀਆਂ Silent ਰਹਿੰਦਿਆਂ ਹਨ। ਨਾਦਾਂ ਦੀ ਗਿਣਤੀ ਤਾਂ ਬਹੁਤ ਹੈ ਪਰ ਇਨ੍ਹਾਂ ਵਿਚੋਂ 22 ਉਹ ਹਨ ਜਿਨ੍ਹਾਂ ਨੂੰ ਸਪਸ਼ਟ ਸੁਣਿਆ ਜਾ ਸਕਦਾ ਹੈ ਤੇ ਇਕ ਦੂਜੇ ਤੋਂ ਵੱਖ ਪਛਾਣਿਆ ਜਾ ਸਕਦਾ ਹੈ। ਸੰਗੀਤ ਵਿਦਵਾਨਾਂ ਨੇ ਇਨ੍ਹਾਂ ਨੂੰ ਹੀ 22 ਸ਼ਰੁਤੀਆਂ [illegible] ਦਿੱਤਾ ਹੈ। ਸਪਤਕ ਵਿਚ ਇਨ੍ਹਾਂ 22 ਸ਼ਰੁਤੀਆਂ ਦੀ ਵੰਡ ਇਸ ਪ੍ਰਕਾਰ ਮੰਨੀ ਗਈ ਹੈ ਕਿ ਸ਼ੜਜ ਦੀਆਂ ਚਾਰ, ਰਿਸ਼ਭ ਦੀਆਂ ਤਿੰਨ, ਗੰਧਾਰ ਦੀਆਂ ਦੋ ਮਧਿਅਮ ਤੇ ਪੰਚਮ ਦੀਆਂ ਚਾਰ-ਚਾਰ, ਧੈਵਤ ਦੀਆਂ ਤਿੰਨ ਤੇ ਨਿਸ਼ਾਦ ਦੀਆਂ ਦੋ ਹਨ, ਭਾਵ ਸ਼ੜਜ ਮਧਿਅਮ ਤੇ ਪੰਚਮ ਦੀਆਂ ਚਾਰ-ਚਾਰ, ਰਿਸ਼ਭ ਤੇ ਧੈਵਤ ਦੀਆਂ ਤਿੰਨ-ਤਿੰਨ ਤੇ ਗੰਧਾਰ ਤੇ ਨਿਸ਼ਾਦ ਦੀਆਂ ਦੋ-ਦੋ ਹਨ। ਇਕ ਸਪਤਕ ਵਿਚ 22 ਸ਼ਰੁਤੀਆਂ ਦੇ ਸਿਧਾਂਤ ਬਾਰੇ ਪ੍ਰਾਚੀਨ, ਮੱਧ ਤੇ ਅਧੁਨਿਕ ਕਾਲ ਦੇਂ ਸਾਰੇ ਹੀ ਵਿਦਵਾਨ ਸਹਿਮਤ ਹਨ। ਪ੍ਰਾਚੀਨ ਤੇ ਮੱਧ ਕਾਲ ਵਿਚ ਸਵਰ ਦੀ ਸਥਾਪਨਾ ਉਸਦੀ ਆਖਰੀ ਸ਼ਰੁਤੀ ਤੇ ਕੀਤੀ ਜਾਂਦੀ ਸੀ ਤੇ ਸ ਰੇ ਗਾ ਮ ਪ ਧ ਨੀ ਨੂੰ ਕ੍ਰਮਵਾਰ ਚੌਥੀ, ਸਤਵੀਂ, ਨੌਵੀਂ, ਤੇਰਵੀਂ, ਸਤਾਰਵੀਂ ਵੀਹਵੀਂ ਤੇ ਬਾਈਵੀਂ ਸ਼ਰੁਤੀ ਤੇ ਟਿਕਾਇਆ ਜਾਂਦਾ ਸੀ, ਜਦੋਂ ਕਿ ਅਧੁਨਿਕ ਕਾਲ ਵਿਚ ਸ-ਪਹਿਲੀ, ਰ-ਪੰਜਵੀ, ਗ-ਅੱਠਵੀਂ, ਮਾ-ਦਸਵੀਂ, ਧ-ਅਠਾਰਵੀਂ ਤੇ ਨੀ ਨੂੰ ਇੱਕੀਵੀਂ ਸ਼ਰੁਤੀ ਤੇ ਸਥਾਪਤ ਕੀਤਾ ਗਿਆ ਹੈ। ਇਹ 22 ਸ਼ਰੁਤੀਆਂ ਹਨ। ਤੀਵਰਾ, ਕੁਮੁਦ੍ਵਤੀ, ਮੰਦਾ, ਛੰਦੋਵਤੀ, ਦਯਾਵਤੀ, ਰੰਜਨੀ, ਰਕਿਤਕਾ, ਰੌਦਰੀ, ਕ੍ਰੋਧੀ, ਵਜ੍ਰਿਕਾ, ਪ੍ਰਾਰਿਣੀ, ਪ੍ਰੀਤਿ, ਮਾਰਜਨੀ, ਕਸ਼ਿਤਿ, ਰਕਤਾ, ਸੰਦੀਪਨੀ, ਆਲਾਪਨੀ, ਮਦੰਤੀ, ਰੋਹਿਣੀ, ਰਮਯਾ, ਉਗ੍ਰਾ ਤੇ ਕਸ਼ੋਭਿਣੀ।

**ਸਵਰ** :-

ਸਵਰ ਦੋ ਅੱਖਰਾਂ ਦੇ ਜੋੜ ਨਾਲ ਬਣਿਆ ਹੈ। ਸਵ+ਰ 'ਸਵੈ' ਤੋਂ ਭਾਵ ਹੈ ਆਪਣੇ ਆਪ ਵਿਚ ਤੇ 'ਰ' ਤੋਂ ਭਾਵ ਹੈ ਰੰਜਕਤਾ। ਜੋ ਆਪਣੇ ਆਪ ਵਿਚ ਰੰਜਕਤਾ ਪੈਦਾ ਕਰਦਾ ਹੈ ਉਹ ਸਵਰ ਹੈ। ਇਨ੍ਹਾਂ 22 ਸ਼ਰੁਤੀਆਂ ਵਿਚ ਸੱਤ ਮੁੱਖ ਸ਼ਰੁਤੀਆਂ ਨੂੰ ਸਵਰਾਂ ਦਾ ਨਾਮ ਦਿੱਤਾ ਗਿਆ ਹੈ। ਇਹ ਸਵਰ ਹਨ ਸ਼ੜਜ, ਰਿਸ਼ਭ, ਗੰਧਾਰ, ਮਧਿਅਮ, ਪੰਚਮ, ਧੈਵਤ ਤੇ ਨਿਸ਼ਾਦ ਪਰ ਗਾਇਣ ਤੇ ਲਿਖਣ ਵਿਚ ਇਹਨਾਂ ਨੂੰ ਕ੍ਰਮ ਅਨੁਸਾਰ ਸਾ ਰੇ ਗਾ ਮਾ ਧਾ ਨੀ ਹੀ ਪ੍ਰਯੋਗ ਕੀਤਾ ਜਾਂਦਾ ਹੈ। ਸਾਡਾ ਸਾਰਾ ਸੰਗੀਤ, ਸ਼ਾਸਤਰੀਯ ਸੰਗੀਤ, ਸੁਗਮ ਸੰਗੀਤ, ਲੋਕ ਸੰਗੀਤ ਤੇ ਵਾਦਨ ਸੰਗੀਤ, ਭਜਨ ਕੀਰਤਨ ਤੇ ਗੁਰਬਾਣੀ ਸੰਗੀਤ ਇਨ੍ਹਾਂ ਸੱਤਾਂ ਸਵਰਾਂ ਦੀ ਹੀ ਉਪਜ ਹੈ।

ਸਵਰ ਦੋ ਪ੍ਰਕਾਰ ਦੇ ਮੰਨੇ ਜਾਂਦੇ ਹਨ। 1. ਸ਼ੁਧ ਸਵਰ 2. ਵਿਕਰਤ ਸਵਰ।

**ਸ਼ੁਧ ਸਵਰ** :- ਜੋ 22 ਸ਼ਰੁਤੀਆਂ ਤੋਂ ਸੱਤ ਸ਼ੁਧ ਸਵਰਾਂ ਵਿਚ ਸ ਤੇ ਪ ਦੋਹਾਂ ਨੂੰ ਅਚੱਲ ਸਵਰ ਮੰਨਿਆ ਗਿਆ ਹੈ ਜਿਨ੍ਹਾਂ ਦਾ ਇਕ ਹੀ ਰੂਪ ਹੁੰਦਾ ਹੈ ਤੇ ਬਾਕੀ ਦੇ ਪੰਜ ਚੱਲ ਸਵਰ ਹਨ ਜਿਨ੍ਹਾਂ ਦੇ ਦੋ-ਦੋ ਰੂਪ ਸ਼ੁਧ ਤੇ ਵਿਕਰਤ ਮੰਨੇ ਜਾਂਦੇ ਹਨ। ਇਹ ਵਿਕਰਤ ਸਵਰ ਵੀ ਦੋ ਪ੍ਰਕਾਰ ਦੇ ਹੁੰਦੇ ਹਨ। ਕੋਮਲ ਤੇ ਤੀਵਰ।

**ਕੋਮਲ ਸਵਰ** : ਜੋ ਸਵਰ ਸ਼ੁਧ ਸਵਰਾਂ ਤੋਂ ਨੀਵੇਂ ਬੋਲਦੇ ਹਨ ਭਾਵ ਉਤਰੇ ਹੋਇਏ ਹਨ ਉਹ ਕੋਮਲ ਸਵਰ ਹਨ। ਰੇ, ਗਾ, ਧਾ, ਨੀ ਚਾਰ ਕੋਮਲ ਸਵਰ ਹਨ ਤੇ ਇਹ ਸਿਤਾਰ ਅਤੇ ਹਰਮੋਨੀਅਮ ਸਾਜਾਂ ਤੇ ਵਜਾਉਣ ਸਮੇਂ ਸ਼ੁੱਧ ਸਵਰ ਤੋਂ ਪਹਿਲਾਂ ਆਉਂਦੇ ਹਨ। ਭਾਤਖੰਡੇ ਲਿਪੀ ਦੁਆਰਾ ਲਿਖਤ ਲਈ ਸਵਰ ਤੇ ਥਲੇ ਇਕ ਲਕੀਰ ਦਿਤੀ ਜਾਂਦੀ ਹੈ ਜਿਵੇਂ ਰੁ ਗੁ ਧੁ ਨੁ।

**ਤੀਵਰ ਸਵਰ** :- ਇਹ ਸ਼ੁਧ ਸਵਰ ਤੋਂ ਉੱਚਾ ਭਾਵ ਚੜ੍ਹਿਆ ਹੋਇਆ ਸਵਰ ਹੈ। ਸਪਤਕ ਵਿਚ ਕੇਵਲ 'ਮ' ਹੀ ਤੀਵਰ ਸਵਰ ਹੁੰਦਾ ਹੈ ਜੋ ਸਾਜ਼ ਤੇ ਵਜਾਉਣ ਸਮੇਂ ਸ਼ੁਧ 'ਮ' ਤੋਂ ਪਿਛੋਂ ਆਉਂਦਾ ਹੈ ਤੇ ਲਿਖਨ ਸਮੇਂ ਸਵਰ ਤੇ ਖੜੀ ਲਕੀਰ ਦਿਤੀ ਜਾਂਦੀ ਹੈ। ਜਿਵੇਂ ਮੰ।

ਇਸ ਤਰ੍ਹਾਂ 22 ਸ਼ਰੁਤੀਆਂ ਵਿਚੋਂ 7 ਸ਼ੁਧ ਤੇ 5 ਵਿਕਰਤ ਸਵਰ ਕੁਲ 12 ਸਵਰ ਇਸ ਪ੍ਰਕਾਰ ਕ੍ਰਮ ਅਨੁਸਾਰ ਹਨ

ਸ, ਰੁ ਰ ਗੁ ਗ ਮ ਮੇ ਪ ਧੁ ਧ ਨੁ ਨ

ਇਥੇ ਇਕ ਹੋਰ ਗਲ ਵੀ ਵਰਣਨ ਯੋਗ ਹੈ ਕਿ ਰਾਗ ਦੀ ਪ੍ਰਕ੍ਰਿਤੀ ਅਨੁਸਾਰ ਸਵਰ ਉੱਚਾ ਜਾਂ ਨੀਵਾਂ ਪ੍ਰਯੋਗ ਹੁੰਦਾ ਹੈ। ਕਿਸੇ ਸਵਰ ਦੀ ਕੋਈ ਇਕ ਸ਼ਰੁਤੀ ਜੇ ਇਕ ਰਾਗੁ ਵਿਚ ਸਵਰ ਦੇ ਰੂਪ ਵਿਚ ਪ੍ਰਯੋਗ ਹੁੰਦੀ ਹੈ ਤਾਂ ਦੂਜੀਆਂ ਸ਼ਰੁਤੀਆਂ Silent ਹਨ। ਪਰ ਕਿਸੇ ਹੋਰ ਰਾਗ ਵਿਚ, ਪਹਿਲੇ ਰਾਗ ਦੀ ਪ੍ਰਯੋਗ ਹੋਈ ਸ਼ਰੁਤੀ ਜੋ ਦੂਜੇ ਰਾਗ ਦੀ ਪ੍ਰਕ੍ਰਿਤੀ ਅਨੁਸਾਰ ਪ੍ਰਯੋਗ ਨਹੀਂ ਹੁੰਦੀ ਤਾਂ ਉਸ ਸਵਰ ਦੀ ਕੋਈ ਹੋਰ ਸ਼ਰੁਤੀ ਸਵਰ ਬਣ ਜਾਂਦੀ ਹੈ ਤੇ ਪਹਿਲੀ ਸ਼ਰੁਤੀ Silent ਹੋ ਜਾਂਦੀ ਹੈ। ਕੇਵਲ ਪ੍ਰਯੋਗ ਹੋਣ ਵਾਲੀ ਸ਼ਰੁਤੀ ਹੀ ਸਵਰ ਹੁੰਦੀ ਹੈ।

**ਸਪਤਕ :-**

ਨਾਦ ਤੋਂ ਸ਼ਰੁਤੀ, ਸ਼ਰੁਤੀ ਤੋਂ ਸਵਰ ਅਤੇ ਸਵਰ ਤੋਂ ਸਪਤਕ ਬਣ ਜਾਂਦਾ ਹੈ। ਸਤ ਸਵਰਾਂ ਦੇ ਕ੍ਰਮ ਅਨੁਸਾਰ ਸਮੂਹ ਨੂੰ ਸਪਤਕ ਕਹਿੰਦੇ ਹਨ। ਇਹ ਸਤ ਸਵਰ ਹਨ : ਸ਼ੜਜ, ਰਿਸ਼ਭ, ਗੰਧਾਰ, ਮਧਿਅਮ, ਪੰਚਮ, ਧੈਵਤ ਤੇ ਨਿਸ਼ਾਦ। ਪਰ ਗਾਇਣ ਵਿਚ ਇਸ ਦਾ ਰੂਪ ਸਾ ਰੇ ਗਾ ਮਾ ਧਾ ਪਾ ਧ ਨੀ ਹੈ।

ਸਪਤਕ ਭਾਵੇਂ ਕਿੰਨੇ ਹੀ ਬਣ ਸਕਦੇ ਹਨ ਪਰ ਜ਼ਿਆਦਾ ਕਰਕੇ ਤਿੰਨ ਹੀ ਸਪਤਕ ਪ੍ਰਯੋਗ ਵਿਚ ਆਉਂਦੇ ਹਨ – ਇਹ ਹਨ – ਮੱਧ ਸਪਤਕ, ਮੰਦਰ ਸਪਤਕ ਤੇ ਤਾਰ ਸਪਤਕ।

(1) **ਮੱਧ ਸਪਤਕ** : ਇਸ ਦੇ ਸਵਰ ਨਾ ਜ਼ਿਆਦਾ ਉੱਚੇ ਨਾ ਜ਼ਿਆਦਾ ਨੀਵੇਂ ਹਨ। ਇਹ ਮੰਦਰ ਸਪਤਕ ਤੋਂ ਦੁੱਗਣਾ ਉੱਚਾ ਹੁੰਦਾ ਹੈ। ਗਾਇਣ ਤੇ ਵਾਦਨ ਦੀਆਂ ਬੰਦਸ਼ਾਂ ਵਿਚ ਅਸਥਾਈ ਭਾਗ ਜ਼ਿਆਦਾ ਕਰਕੇ ਮੱਧ ਸਪਤਕ ਵਿਚ ਹੀ ਆਉਂਦਾ ਹੈ। ਇਹ ਸਵਰ ਗਾਇਣ ਕਰਨ ਸਮੇਂ ਗਲੇ ਤੇ ਜ਼ੋਰ ਪੈਂਦਾ ਹੈ। ਭਾਤਖੰਡੇ ਲਿਪੀ ਅਨੁਸਾਰ ਲਿਖਣ ਲਗਿਆਂ ਇਨ੍ਹਾਂ ਸਵਰਾਂ ਤੇ ਕੋਈ ਵੀ ਨਿਸ਼ਾਨ ਨਹੀਂ ਦਿੱਤਾ ਜਾਂਦਾ ਜਿਵੇਂ ਸ ਰ ਗ ਮ।

(2) **ਮੰਦਰ ਸਪਤਕ** : ਇਸ ਸਪਤਕ ਦੇ ਸਵਰ ਮੱਧ ਸਪਤਕ ਤੋਂ ਦੁੱਗਣੇ ਨੀਵੇਂ ਹੁੰਦੇ ਹਨ। ਇਨ੍ਹਾਂ ਨੂੰ ਗਾਇਣ ਕਰਨ ਸਮੇਂ ਹਿਰਦੇ ਤੇ ਜ਼ੋਰ ਪੈਂਦਾ ਹੈ। ਕਈ ਬੰਦਸ਼ਾਂ ਦੇ ਸਥਾਈ ਦੇ ਦੂਜੇ ਭਾਗ ਮੰਦਰ ਸਪਤਕ ਵਿੱਚ ਹੀ ਜਾਂਦੇ ਹਨ। ਅਲਾਪ ਸਮੇਂ ਵੀ ਰਾਗੁ ਦੇ ਸਰੂਪ ਨੂੰ ਮੁੱਖ ਰਖਦਿਆਂ ਮੰਦਰ ਸਪਤਕ ਦੇ ਮਧਿਅਮ, ਪੰਚਮ ਤੱਕ ਆਮ ਹੀ ਜਾਂਦੇ ਹਾਂ। ਭਾਤਖੰਡੇ ਲਿਪੀ ਵਿੱਚ ਲਿਖਣ ਲਈ ਸਵਰਾਂ ਥਲੇ ਬਿੰਦੀ ਦਾ ਨਿਸ਼ਾਨ ਦਿੱਤਾ ਜਾਂਦਾ ਹੈ ਜਿਵੇਂ ਨ਼ ਧ਼ ਪ਼।

(3) **ਤਾਰ ਸਪਤਕ** : ਇਸ ਸਪਤਕ ਦੇ ਸਵਰ ਮੱਧ ਸਪਤਕ ਤੋਂ ਦੁਗਣੇ ਤੇ ਮੰਦਰ ਸਪਤਕ ਤੋਂ ਚੌਗੁਣੇ ਉੱਚੇ ਹਨ। ਬੰਦਸ਼ਾਂ ਦੇ ਅੰਤਰੇ ਜ਼ਿਆਦਾ ਕਰਕੇ ਤਾਰ ਸਪਤਕ ਵਿੱਚ ਹੀ ਗਾਏ ਵਜਾਏ ਜਾਂਦੇ ਹਨ। ਗਾਇਣ ਕਰਨ ਸਮੇਂ ਤਾਲੂ ਤੇ ਜ਼ੋਰ ਪੈਂਦਾ ਹੈ। ਭਾਤਖੰਡੇ ਲਿਪੀ ਦੁਆਰਾ ਲਿਖਣ ਲਗਿਆਂ ਸਵਰ ਦੇ ਉਪਰ ਬਿੰਦੀ ਦਾ ਨਿਸ਼ਾਨ ਦਿੱਤਾ ਜਾਂਦਾ ਹੈ। ਜਿਵੇਂ ਸਂ ਰਂ ਗਂ ਮਂ।

7. **ਥਾਟ :-**

ਨਾਦ ਤੋਂ ਸ਼ਰੁਤੀ, ਸ਼ਰੁਤੀ ਤੋਂ ਸਵਰ, ਸਵਰ ਤੋਂ ਸਪਤਕ ਤੇ ਸਪਤਕ ਤੋਂ ਥਾਟ ਬਣਦੇ ਹਨ। ਪਹਿਲਾਂ ਥਾਟ ਨੂੰ ਹੀ ਮੇਲ ਕਿਹਾ ਜਾਂਦਾ ਸੀ। ਥਾਟ ਉਸ ਸਵਰ ਸਮੂਹ ਦਾ ਨਾਮ ਹੈ ਜਿਸ ਵਿਚੋਂ ਰਾਗੁ ਉਤਪੰਨ ਕੀਤੇ ਜਾ ਸਕਣ। ਸਪਤਕ ਦੇ 7 ਸ਼ੁੱਧ ਤੇ '5 ਵਿਕਰਤ ਸਵਰਾਂ ਦੇ ਕ੍ਰਮ ਅਨੁਸਾਰ ਸਵਰ ਸਮੂਹ ਜਿਸ ਵਿੱਚ ਹਰ ਸਵਰ ਦਾ ਸ਼ੁਧ ਜਾਂ ਵਿਕਰਤ ਕੋਈ ਰੂਪ ਪ੍ਰਯੋਗ ਕੀਤਾ ਜਾਵੇ ਉਹ ਥਾਟ ਹੈ।

**ਥਾਟ ਦੇ ਨਿਯਮ :-**

(1) ਥਾਟ ਗਾਇਆ ਨਹੀਂ ਜਾਂਦਾ।
(2) ਥਾਟ ਵਿੱਚ ਕੇਵਲ ਆਰੋਹ ਹੁੰਦਾ ਹੈ ਅਵਰੋਹ ਨਹੀਂ ਹੁੰਦਾ।
(3) ਥਾਟ ਵਿੱਚ ਸਵਰ ਦਾ ਸ਼ੁੱਧ ਜਾਂ ਵਿਕਰਤ ਰੂਪ ਪ੍ਰਯੋਗ ਹੋਣਾ ਹੁੰਦਾ ਹੈ।
(4) ਥਾਟ ਵਿੱਚ ਰੰਜਕਤਾ ਨਹੀਂ ਹੁੰਦੀ।
(5) ਥਾਟ ਵਿੱਚ ਸਵਰਾਂ ਦਾ ਪ੍ਰਯੋਗ ਕ੍ਰਮ ਅਨੁਸਾਰ ਸ, ਰੇ, ਗ ਮਾ, ਪਾ ਧ, ਨੀ ਹੁੰਦਾ ਹੈ।

ਦੱਖਣੀ ਪੱਧਤੀ ਦੇ ਵਿਦਵਾਨ ਪੰਡਿਤ ਵਿਐਂਕਟਮੁਖੀ ਨੇ ਥਾਟਾਂ ਦੀ ਗਿਣਤੀ ਗਣਿਤ ਦੁਆਰਾ 72 ਮੰਨੀ ਹੈ। ਪਰ ਪੰਡਿਤ ਭਾਤਖੰਡੇ ਜੀ ਨੇ ਉੱਤਰੀ ਸੰਗੀਤ ਪੱਧਤੀ ਵਿਚ ਥਾਟਾਂ ਦੀ ਸੰਖਿਆ 10 ਹੀ ਮੰਨੀ ਹੈ ਉਹ ਦਸ ਥਾਟ ਇਸ ਪ੍ਰਕਾਰ ਹਨ:-

(1) **ਬਿਲਾਵਲ ਥਾਟ** : ਇਸ ਵਿੱਚ ਸਾਰੇ ਸਵਰ ਸ਼ੁਧ ਪ੍ਰਯੋਗ ਹੁੰਦੇ ਹਨ ਤੇ ਅਧੁਨਿਕ ਕਾਲ ਵਿੱਚ ਇਸ ਨੂੰ ਸ਼ੁਧ ਥਾਟ ਸਵੀਕਾਰ ਕੀਤਾ ਗਿਆ ਹੈ। ਸਵਰ ਸ ਰੇ ਗਾ ਮਾ ਪਾ ਧਾ ਨੀ ਹਨ। ਰਾਗੁ ਸੂਹੀ, ਆਸਾ, ਬਿਲਾਵਲੁ, ਦੇਸ਼ਕਾਰ, ਦੁਰਗਾ ਆਦਿ ਰਾਗ ਇਸ ਥਾਟ ਦੇ ਹਨ।

(2) **ਕਲਿਆਨ ਥਾਟ** : ਇਸ ਵਿੱਚ ਮਧਿਅਮ ਤੀਵਰ ਤੇ ਹੋਰ ਸਭ ਸਵਰ ਸ਼ੁਧ ਹਨ। ਸਵਰ ਸ ਰ ਗ ਮ ਪ ਧ ਨ ਹਨ। ਕਲਿਆਣ, ਸ਼ੁਧ ਕਲਿਆਨ, ਕੇਦਾਰਾ, ਭੂਪਾਲੀ ਆਦਿ ਇਸ ਥਾਟ ਦੇ ਰਾਗ ਹਨ।

(3) **ਖਮਾਜ ਥਾਟ** : ਇਸ ਵਿੱਚ ਨਿਸ਼ਾਦ ਕੋਮਲ ਤੇ ਹੋਰ ਸਭ ਸਵਰ ਸ਼ੁਧ ਹਨ। ਸਵਰ ਸ ਰ ਗ ਮ ਪ ਧ ਨ਼ੀ ਹਨ। ਵਡਹੰਸ, ਜੈਜੈਵੰਤੀ, ਸੋਰਠਿ, ਤਿਲੰਗ, ਦੇਸ਼ ਆਦਿ ਥਾਟ ਦੀ ਉਪਜ ਹਨ।

(4) **ਭੈਰਵ ਥਾਟ** : ਇਸ ਵਿੱਚ ਰਿਸ਼ਭ, ਧੈਵਤ, ਕੋਮਲ ਤੇ ਹੋਰ ਸਭ ਸਵਰ ਸ਼ੁਧ ਹਨ। ਸਵਰ ਸ ਰੇ ਗ ਮ ਪ ਧੁ ਨੀ ਹਨ। ਰਾਮਕਲੀ, ਗੁਨਕਲੀ, ਵਿਭਾਸ, ਗਉੜੀ, ਭੈਰਵ ਆਦਿ ਰਾਗ ਇਸ ਥਾਟ ਦੇ ਹਨ।

(5) **ਪੂਰਵੀ ਥਾਟ** : ਇਸ ਵਿੱਚ ਰਿਸ਼ਭ, ਧੈਵਤ, ਕੋਮਲ ਅਤੇ ਹੋਰ ਸਭ ਸਵਰ ਸ਼ੁਧ ਹਨ। ਸਵਰ ਸ ਰੇ ਗ ਮ ਪ ਧੁ ਨ ਹਨ। ਸ੍ਰੀ, ਜੈਤਸਰੀ, ਪੂਰਵੀ, ਬੰਸਤ ਤੇ ਪਰਜ ਆਦਿ ਇਸ ਥਾਟ ਦੇ ਰਾਗ ਹਨ।

(6) **ਮਾਰਵਾ ਥਾਟ** : ਇਸ ਵਿੱਚ ਰਿਸ਼ਭ ਕੋਮਲ ਤੇ ਮਧਿਅਮ ਤੀਵਰ ਹੋਰ ਸਭ ਸਵਰ ਸ਼ੁਧ ਹਨ। ਸਵਰ ਸ ਰੁ ਗ ਮ ਪ ਧ ਨ ਹਨ। ਪੂਰੀਆ, ਸੋਹਣੀ, ਮਾਰਵਾ ਆਦਿ ਇਸ ਥਾਟ ਦੇ ਰਾਗ ਹਨ।

(7) **ਕਾਫੀ ਥਾਟ** : ਇਸ ਵਿੱਚ ਗੰਧਾਰ ਤੇ ਨਿਸ਼ਾਦ ਕੋਮਲ ਤੇ ਹੋਰ ਸਭ ਸਵਰ ਸ਼ੁਧ ਹਨ। ਸਵਰ ਸ ਰ ਗੁ ਮ ਪ ਧੁ ਨੁ ਹਨ। ਕਾਫੀ, ਭੀਮਪਲਾਸੀ, ਬਾਗੇਸ਼ਰੀ, ਸਾਰੰਗ, ਧਨਾਸਰੀ ਆਦਿ ਇਸ ਥਾਟ ਦੇ ਰਾਗੁ ਹਨ।

(8) **ਆਸਾਵਰੀ** : ਇਸ ਵਿੱਚ ਗੰਧਾਰ, ਧੈਵਤ ਤੇ ਨਿਸ਼ਾਦ ਕੋਮਲ ਤੇ ਹੋਰ ਸਭ ਸਵਰ ਸ਼ੁਧ ਹਨ। ਸਵਰ ਸ ਰ ਗੁ ਮ ਪ ਧੁ ਨੁ ਹਨ। ਦਰਬਾਰੀ, ਦੇਵਗੰਧਾਰੀ, ਜੌਨਪੁਰੀ, ਦੇਸੀ ਆਦਿ ਇਸ ਥਾਟ ਦੇ ਰਾਗ ਹਨ।

(9) **ਭੈਰਵੀ** : ਇਸ ਵਿੱਚ ਰਿਸ਼ਭ, ਗੰਧਾਰ, ਧੈਵਤ ਤੇ ਨਿਸ਼ਾਦ ਕੋਮਲ ਤੇ ਹੋਰ ਸਭ ਸਵਰ ਸ਼ੁਧ ਹਨ। ਸਵਰ ਸ ਰੁ ਗੁ ਮ ਪ ਧੁ ਨੁ ਹਨ। ਮਾਲਕੌਂਸ, ਭੈਰਵੀ ਬਿਲਾਸਖਾਨੀ ਆਦਿ ਇਸ ਥਾਟ ਦੇ ਰਾਗ ਹਨ।

(10) **ਤੋੜੀ** : ਇਸ ਵਿੱਚ ਰਿਸ਼ਭ, ਗੰਧਾਰ ਤੇ ਧੈਵਤ ਕੋਮਲ ਮਧਿਅਮ ਤੀਵਰ ਤੇ ਹੋਰ ਸਵਰ ਸ਼ੁਧ ਹਨ ਰਾਗੁ ਗੂਜਰੀ, ਤੁਖਾਰੀ, ਤੋੜੀ, ਮੁਲਤਾਨੀ ਆਦਿ ਇਸ ਥਾਟ ਦੀ ਉਪਜ ਹਨ। ਸਵਰ ਸ ਰੁ ਗੁ ਮ ਪ ਧੁ ਨ ਹਨ।

*(ਗੁਰਬਾਣੀ ਸੰਗੀਤ ਦਰਪਣ ਵਿਚੋਂ)*

# ਰਾਗ ਸੋਰਠਿ

## ਡਾ. ਗੁਰਨਾਮ ਸਿੰਘ

ਇਸ ਰਾਗ ਦਾ ਸੰਗੀਤਕ ਸਰੂਪ ਇਸ ਪ੍ਰਕਾਰ ਹੈ:

| | |
|---|---|
| ਅਰੋਹ | –ਸ ਰੇ. ਮ ਪ. ਨੀ ਸੰ। |
| ਅਵਰੋਹ | –ਸੰ ਰੇਂ ਨੀ ਧ. ਮ ਪ ਧ ਮ ਰੇ, ਨੀ ਸ। |
| ਸੁਰ | –ਦੋਨੋਂ ਨਿਸ਼ਦ, ਬਾਕੀ ਸਾਰੇ ਸ਼ੁੱਧ, ਅਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ। ਅਵਰੋਹ ਵਿਚ 'ਗ' ਦਾ ਪ੍ਰਯੋਗ ਕੇਵਲ ਮੀਂਡ ਦੁਆਰਾ। |
| ਥਾਟ | –ਖਮਾਜ |
| ਜਾਤੀ | –ਔੜਵ-ਸੰਪੂਰਨ |
| ਸਮਾਂ | –ਰਾਤ ਦਾ ਦੂਸਰਾ ਪਹਿਰ |
| ਵਾਦੀ | –ਰਿਸ਼ਭ |
| ਸੰਵਾਦੀ | –ਧੈਵਤ |
| ਮੁੱਖ ਅੰਗ | –ਸ ਰੇ, ਮ ਪ, ਨੀ ਧ, ਪ, ਧ ਮ ਰੇ, ਨੀ ਸ। |

*ਰਾਗ ਸੋਰਠਿ* — *ਇਕਤਾਲ*

| x | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| **ਸਥਾਈ :** | | | | | | | | | | | |
| | | | | | | | | | ਸੰ | – | ਰੇਂ |
| | | | | | | | | | ਮਾ | s | ਧ |
| ਨੀ | ਧ | ਪ | ਪ | ਧ | ਮ | ਰੇ | – | – | ਮ | – | ਪ |
| ਵੇ | s | s | ਮਾ | s | ਧ | ਵੇ | s | s | ਮਾ | s | ਧ |
| ਨੀ | – | – | ਸੰ | – | – | [ਨੀ]ਸੰ | – | ਪ | [ਮ]ਰੇ | ਰੇ | ਮ |
| ਵੇ | s | s | s | s | s | s | s | s | ਤੁ | ਮ | ਨ |
| ਪ | – | ਪਪ | – | – | – | – | ਪਪ | ਪ | ਪ | ਪ | ਧ |
| ਤੋ | s | ਰਹੁ | s | s | s | s | ਤਉ | ਹ | ਮ | ਨ | ਹੀ |
| ਮ | – | [ਗ]ਰੇਰੇ | – | – | – | – | – | [ਮ]ਰੇ | ਮ | ਪ | ਨੀ |
| ਤੋ | s | ਰਹਿ | s | s | s | s | s | ਤੁ | ਮ | ਸਿ | ੳੁ |
| ਨੀ | – | ਸੰ | ਨੀ | – | – | – | ਨੀ | ਨੀ | ਨੀ | ਸੰ | ਰੇਂ |
| ਤੋ | s | s | ਰਿ | s | s | s | ਕ | ਵ | ਨ | ਸਿ | ੳੁ |
| ਨੀ | – | ਸੰ | ਸੰ | – | – | ਪ | – | | | | |
| ਜੋ | s | ਰ | ਹਿ | s | s | s | s | | | | |
| **ਅੰਤਰਾ :** | | | | | | | | | | | |
| | | | | | | | | ਰੇਰੇ | – | ਮ | ਮ |
| | | | | | | | | ਜਉ | s | ਤੁ | ਮ |
| ਪ | ਪ | ਪ | ਪ | – | – | – | – | ਪਪ | – | ਪ | ਧ |
| ਗਿ | ਰਿ | ਵ | ਰ | s | s | s | s | ਤਉ | s | ਹ | ਮ |
| ਮ | s | [ਗ]ਰੇ | – | – | – | – | – | ਰੇਰੇ | – | ਮ | ਪ |
| ਮੋ | s | ਰਾ | s | s | s | s | s | ਜਉ | s | ਤੁ | ਮ |
| ਨੀ | ਸੰ | ਨੀਨੀ | – | ਨੀ | ਨੀ | – | – | ਨੀ | ਨੀ | ਸੰ | ਰੇਂ |
| ਚੰ | ਦ | ਤਉ | | ਹ | ਮ | s | s | ਭ | ਏ | ਹੈ | ਚ |
| ਨੀ | s | ਸੰ | s | s | s | [ਨੀ]ਸੰ | – | ਪ | | | |
| ਕੋ | s | ਰਾ | s | s | s | s | s | s | | | |

# ਰਾਗ ਵਡਹੰਸ

ਪ੍ਰੋ. ਤਾਰਾ ਸਿੰਘ

ਗੁਰਮਤਿ ਸੰਗੀਤ ਪੱਧਤੀ ਵਿੱਚ ਵਡਹੰਸ ਰਾਗ ਨੂੰ ਬੜਾ ਮਹੱਤਵ ਪੂਰਣ ਸਥਾਨ ਪਰਾਪਤ ਹੈ। ਗੁਰੂ ਸਾਹਿਬਾਨ ਨੇ ਇਸ ਰਾਗ ਦਾ ਪ੍ਰਯੋਗ ਸ਼ਾਸਤਰੀ ਸੰਗੀਤ ਲਈ ਵੀ ਕੀਤਾ ਅਤੇ ਲੋਕ ਗੀਤਾਂ ਦੀਆਂ ਧੁਨਾਂ ਲਈ ਵੀ। (ਜਿਵੇਂ ਘੋੜੀਆਂ, ਅਲਾਹਣੀਆਂ ਆਦਿ)

ਵਿਦਵਾਨਾਂ ਨੇ ਵਡਹੰਸ ਰਾਗ ਦਾ ਵਰਗੀਕਰਣ ਖਮਾਜ ਥਾਟ ਵਿੱਚ ਕੀਤਾ ਹੈ। ਇਸ ਰਾਗ ਦੇ ਨਾਦਾਤਮਕ ਸਰੂਪ ਵਿੱਚ ਨਿਸ਼ਾਦ ਦੋਵੇਂ ਅਤੇ ਬਾਕੀ ਸਾਰੇ ਸ਼ੁਧ ਸੁਰ ਹਨ। ਇਸਦਾ ਵਾਦੀ ਸੁਰ ਰਿਸ਼ਭ ਅਤੇ ਸੰਵਾਦੀ ਪੰਚਮ ਹੈ। ਕੁਝ ਸੰਗੀਤਕਾਰ ਇਸ ਦੇ ਉਲਟ ਪੰਚਮ ਵਾਦੀ ਅਤੇ ਰਿਸ਼ਭ ਸੰਵਾਦੀ ਅਤੇ ਕੁਝ ਸ਼ਡਜ ਵਾਦੀ ਅਤੇ ਪੰਚਮ ਸੰਵਾਦੀ ਮੰਨਦੇ ਹਨ ਪਰ ਪਹਿਲਾਂ ਮੱਤ ਉਚਿੱਤ ਹੈ। ਇਸ ਦੇ ਗਾਉਣ ਵਜਾਉਣ ਦਾ ਵੇਲਾ ਦੁਪਹਿਰ ਹੈ। ਕੁਝ ਲੇਖਕ ਇਸਦਾ ਸਮਾਂ ਰਾਤ ਦਾ ਦੂਜਾ ਪਹਿਰ ਮੰਨਦੇ ਹਨ। ਇਸਦੇ ਆਰੋਹ ਵਿੱਚ ਗੰਧਾਰ ਸੁਰ ਵਰਜਿਤ ਕਰਨ ਦੀ ਪਰਥਾ ਹੈ ਇਸ ਲਈ ਜਾਤੀ ਸ਼ਾਡਵ ਸੰਪੂਰਣ ਹੈ। ਇਸ ਰਾਗ ਵਿਚ ਜਿਸ ਵੇਲੇ "ਧ ਮ ਪ ਨੀ ਸਾਂ" ਸੁਰ ਸੰਗਤੀ ਲਈ ਜਾਂਦੀ ਹੈ ਤਾਂ ਸ਼ਰੋਤਿਆਂ ਨੂੰ 'ਬਰਵਾ ਰਾਗ, ਦੀ ਝਲਕ ਦਿਖਾਈ ਦੇਣ ਲਗ ਪੈਂਦੀ ਹੈ ਪਰ ਇਸ ਤੋਂ ਪਿਛੋਂ ਕਲਾਕਾਰ ਜਦੋਂ "ਰੇਂ ਨੁੀ ਧ ਪ, ਧ ਮ ਗ ਰੇ, ਸੁਰ-ਸਮੂਹ ਲੈਂਦਾ ਹੈ ਤਾਂ ਇਹ ਭਰਮ ਦੂਰ ਹੋ ਜਾਂਦਾ ਹੈ। ਵਡੰਹਸ ਦਾ ਸਮਪ੍ਰਕ੍ਰਿਤਕ ਰਾਗ 'ਦੇਸ' ਵੀ ਆਖਦੇ ਹਨ ਪਰੰਤੂ "ਰੇ ਮ ਪ ਨੁੀ ਧਨੁੀ ਪ' ਸੁਰ ਸੰਗਤੀ ਅਤੇ ਮੰਦਰ ਨਿਸ਼ਾਦ ਤੇ ਵਿਸ਼ੇਸ਼ ਨਿਆਸ ਇਸ ਨੂੰ ਦੇਸ਼ ਨਾਲੋਂ ਵੱਖ ਕਰ ਦਿੰਦਾ ਹੈ। ਮੰਦਰ ਨਿਸ਼ਾਦ ਉੱਤੇ ਨਿਆਸ ਕਰਨ ਤੋਂ ਕਈ ਵਾਰੀ ਇਹ "ਤਿਲਕ ਕਾਮੋਦ' ਰਾਗ ਜਾਪਣ ਲੱਗਦਾ ਹੈ ਪਰ "ਤਿਲਕ ਕਾਮੋਦ" ਵਿੱਚ "ਸਾਰੇ ਗ, ਸਾ ਨ਼ੀ, ਰੇ ਪ ਮ ਗ ਰੇ ਸਾਨ਼ੀ, ਪ਼ ਨ਼ੀ ਸਾ ਰੇ ਗ ਨ਼ੀ।" ਇਸ ਤਰ੍ਹਾਂ ਨਿਆਸ ਕੀਤਾ ਜਾਂਦਾ ਹੈ ਅਤੇ ਵਡਹੰਸ ਵਿਚ "ਧ ਮ ਗ ਰੇ ਸ ਨ਼ੀ, ਪ ਮ ਗਰੇ ਸਾ ਨ਼ੀ ਪ਼ ਨ਼ੀ ਸਾ।"

ਸੋ ਉਪਰੋਕੰਤ ਨਿਯਮਾਂ ਦੇ ਆਧਾਰ ਤੇ ਇਹ ਰਾਗ ਆਪਣੇ ਸਮਪ੍ਰਕ੍ਰਿਤਿਕ ਰਾਗਾਂ ਨਾਲੋਂ ਸਹਜੇ ਹੀ ਵੱਖ ਹੋ ਜਾਂਦਾ ਹੈ।

ਆਰੋਹ :-ਸਾ ਰੇ ਮ ਪ ਧ ਨੁੀ ਪ, ਮ ਪ ਨੀ ਸਾਂ।

ਅਵਰੋਹ:- ਸਾਂ ਨੁੀ ਪ, ਧ਼ ਮ ਗ ਰੇ, ਸਾ ਨ਼ੀ, ਸਾ।

ਮੁੱਖਅੰਗ:- ਰੇ ਮ ਪ ਨੁੀ ਪ, ਧ ਮ ਗ ਰੇ, ਸਾ ਨ਼ੀ, ਪ਼ ਨ਼ੀ ਸਾ।

## ਵਡਹੰਸ ਮਹਲਾ ੫ (੫੬੨) (ਕਹਿਰਵਾ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| X | | | | 0 | | | | x | | | | 0 | | | |
| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
| – | ਸ | ਰ | ਮ | ਪ | ਨੁ | ਪ | – | ਧ | ਮਮ | ਗ | ਰਸ | ਰ | ਮ | ਗ | ਰ |
| s | ਜੀ | ਅ | ਕੇ | ਦਾ | s | ਤੇ | s | ਪ੍ਰੀ | ਤਮ | ਪ੍ | ਭ | ਮੇ | s | ਰੇ | s |
| – | ਰ- | ਮ- | ਪ- | ਪ | – | ਪ | ਪ | ਨ | ਸਂ | ਨੁ | ਪ | ਧ | ਮ | ਗ | ਰ |
| s | ਮs | ਨੁs | ਜੀs | ਵੈ | s | ਪ੍ | ਭ | ਨਾ | s | ਮੁ | ਚਿ | ਤੇ | s | ਰੇ | s |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| – | ਰ | ਮ | ਪ | ਧ | ਨੁ | ਪ | ਪ | ਨ | ਨ | ਸਂ | ਸਂ | ਰਂ | ਸਂਨ | ਸਂ | – |
| s | ਧ | ਨੁ | ਸੁ | ਵੇ | ਲਾ | ਜਿ | ਤੁ | ਦ | ਰ | ਸ | ਨੁ | ਕ | ਰ | ਣਾ | s |
| – | ਪਨ | ਸਂਰਂ | ਸਂਨ | ਸਂ | – | ਨੁ | ਪ | ਧ | ਮ | ਗ | ਸ | ਰ | ਮ | ਗ | ਰ |
| s | ਹਉ | ਬ | ਲਿ | ਹਾ | s | ਰੀ | s | ਸ | ਤਿ | ਗੁ | ਰ | ਚ | ਰ | ਣਾ | s |

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

## ਮਨਮੋਹਨ ਸਿੰਘ

| ਵਡਹੰਸੁ ਮਹਲਾ ੫॥ | Wadahans 5th Guru. | ਵਡਹੰਸ ਪੰਜਵੀਂ ਪਾਤਿਸ਼ਾਹੀ। |
|---|---|---|
| ਧਨ ਸੁ ਵੇਲਾ ਜਿਤੁ ਦਰਸਨੁ ਕਰਣਾ॥ | Auspicious is the time, when see my Satguru. | ਮੁਬਾਰਕ ਹੈ ਉਹ ਸਮਾਂ ਜਦ ਮੈਂ ਆਪਣੇ ਸਤਿਗੁਰਾਂ ਨੂੰ ਦੇਖਦਾ ਹਾਂ। |
| ਹਉ ਬਲਿਹਾਰੀ ਸਤਿਗੁਰ ਚਰਣਾ ॥੧॥ | I am a sacrifice unto the feet of the True Guru. | ਮੈਂ ਸੱਚੇ ਗੁਰਾਂ ਦੇ ਪੈਰਾਂ ਤੋਂ ਕੁਰਬਾਨ ਜਾਂਦਾ ਹਾਂ। |
| ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ॥ | O my Beloved Lord Thou art the Giver of life unto me. | ਹੇ ਮੈਂਡੇ ਪਿਆਰੇ ਸਾਹਿਬ ! ਤੂੰ ਮੈਨੂੰ ਜਿੰਦ-ਜਾਨ ਦੇਣ ਵਾਲਾ ਹੈ। |
| ਮਨੁ ਜੀਵੈ ਪ੍ਰਭ ਨਾਮੁ ਚਿਤੇਰੇ॥ ੧॥ ਰਹਾਉ॥ | My soul lives by reflecting over the Name of the Lord. Pause. | ਮੇਰੀ ਜਿੰਦੜੀ ਸੁਆਮੀ ਦੇ ਨਾਮ ਦਾ ਸਿਮਰਨ ਕਰਨ ਦੁਆਰਾ ਜੀਉਂਦੀ ਹੈ। ਠਹਿਰਾਉ। |
| ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ॥ | True is thy instruction and ambroial thine hymns. | ਸੱਚੀ ਹੈ ਤੇਰੀ ਸਿੱਖਿਆ ਅਤੇ ਸੁਧਾਸਰੂਪ ਹੈ ਤੇਰੀ ਗੁਰਬਾਣੀ। |
| ਸੀਤਲ ਪੁਰਖ ਦ੍ਰਿਸਟਿ ਸੁਜਾਣੀ॥੨॥ | Transquilising is thy person and omniscient the eye. | ਠੰਡ ਪਾਉਣ ਵਾਲੀ ਹੈ ਤੇਰੀ ਵਿਅਕਤੀ ਅਤੇ ਸਰਵੱਗ ਤੇਰਾ ਨੈਣ। |
| ਸਚੁ ਹੁਕਮ ਤੁਮਾਰਾ ਤਖਤਿ ਨਿਵਾਸੀ॥ | Ture is thy command and thou sittest on the Lord's throne. | ਸੱਚਾ ਹੈ ਤੇਰਾ ਫ਼ੁਰਮਾਨ ਅਤੇ ਤੂੰ ਸਾਹਿਬ ਦੇ ਰਾਜ-ਸਿੰਘਾਸਣ ਤੇ ਬੈਠਦਾ ਹੈਂ। |
| ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥ | My eternal Lord come and goes not. | ਮੈਂਡਾ ਅਮਰ ਸੁਆਮੀ ਆਉਂਦਾ ਤੇ ਜਾਂਦਾ ਨਹੀਂ। |
| ਤੁਮ ਮਿਹਰਵਾਨ ਦਾਸ ਹਮ ਦੀਨਾ॥ | Thou art the merciful Master and I am a meek attendant of Thine. | ਤੂੰ ਦਾਇਆਵਾਨ ਮਾਲਕ ਹੈਂ ਅਤੇ ਮੈਂ ਤੇਰਾ ਮਸਕੀਨ ਸੇਵਕ ਹਾਂ। |
| ਨਾਨਕ ਸਾਹਿਬੁ ਭਰਪੁਰਿ ਲੀਣਾ॥੪॥੨॥ | Nanak, the Lord is fully contained everywhere. | ਨਾਨਕ ਪ੍ਰਭੂ ਹਰ ਥਾਂ ਪਰੀਪੂਰਨ ਹੋ ਰਮ ਰਿਹਾ ਹੈ। |

### ਸੋਰਠਿ ਰਵਿਦਾਸ ਜੀਉ

| | | |
|---|---|---|
| ਜਉ ਤੁਮ ਗਿਰਿਵਰ ਤਉ ਹਮ ਮੋਰਾ॥ | If Thou art a mountain, then I am thy peacock, O Lord. | ਜੇ ਤੂੰ ਪਹਾੜ ਹੈਂ ਤਾਂ ਮੈਂ ਤੇਰਾ ਮੋਰ ਹਾਂ, ਹੇ ਸਾਂਈ! |
| ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥ | If Thou art the moon, then I am Thine red-legged partirdge. | ਜੇਕਰ ਤੂੰ ਚੰਦਰਮਾਂ ਹੈਂ ਤਦ ਮੈਂ ਤੇਰਾ ਲੱਤਾਂ ਵਾਲਾ ਤਿੱਤਰ (ਚਕੋਰ) ਹਾਂ। |
| ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥ | O Lord of wealth, if Thou breakest not with me, then I will not break with Thee. | ਹੇ ਮਾਇਆ ਦੇ ਪਤੀ ਜੇ ਤੂੰ ਮੇਰੇ ਨਾਲੋਂ ਤੋੜ ਵਿਛੋੜੀ ਨਾ ਕਰੇਂ ਤਾਂ ਮੈਂ ਤੇਰੇ ਨਾਲੋਂ ਤੋੜ ਵਿਛੋੜੀ ਨਹੀਂ ਕਰਾਂਗਾ। |
| ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥੧॥ ਰਹਾਉ॥ | If I break with Thee, with whom else shall I join? Pause. | ਜੇਕਰ ਮੈਂ ਤੇਰੇ ਨਾਲੋਂ ਟੁੱਟ ਜਾਵਾਂ, ਤਦ ਮੈਂ ਹੋਰ ਕੀਹਦੇ ਨਾਲ ਮੇਲ ਮਿਲਾਪ ਕਰਾਂਗਾ ? ਠਹਿਰਾਉ। |
| ਜਉ ਤੁਮ ਦੀਵਰਾ ਤਉ ਹਮ ਬਾਤੀ॥ | If Thou art an earthen lamp, then I am Thy wick. | ਜੇ ਕਰ ਤੂੰ ਦੀਵਾ ਹੈਂ ਤਦ ਮੈਂ ਤੇਰੀ ਬੱਤੀ ਹਾਂ। |
| ਜਉ ਤੁਮ ਤੀਰਥ ਤਉ ਹਮ ਜਾਤੀ॥ ੨॥ | If Thou art a place of pilgrimage, then I am Thine pilgrim. | ਜੇ ਕਰ ਤੂੰ ਯਾਤ੍ਰਾ-ਅਸਥਾਨ ਹੈਂ, ਤਦ ਮੈਂ ਤੈਂਡਾ ਯਾਤਰੂ ਹਾਂ। |
| ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ | True love I have joined with Thee, O Lord. | ਸੱਚੀ ਪਿਰਹੜੀ ਮੈਂ ਤੇਰੇ ਨਾਲ ਗੰਢੀ ਹੈ, ਹੇ ਪ੍ਰਭੂ ! |
| ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥੩॥ | Attaching in love with Thee, I have broken with all others. | ਤੇਰੇ ਨਾ ਪ੍ਰੇਮ ਵਿਚ ਜੁੜ ਕੇ, ਮੈਂ ਹੋਰ ਸਾਰਿਆਂ ਨਾਲੋਂ ਟੁੱਟ ਗਿਆ ਹਾਂ। |
| ਜਹ ਜਹ ਜਾਉ ਤਹਾ ਤੇਰੀ ਸੇਵਾ॥ | Wither-so-ever I go, thither I perform Thine service. | ਜਿਥੇ ਕਿਤੇ ਭੀ ਮੈਂ ਜਾਂਦਾ ਹਾਂ, ਉਥੇ ਮੈਂ ਤੇਰੀ ਟਹਿਲ ਕਮਾਉਂਦਾ ਹਾਂ। |
| ਤੁਮ ਸੋ ਠਾਕੁਰੁ ਅਉਰੁ ਨ ਦੇਵਾ॥੪॥ | By Thy meditation, death's noose is cut away. | ਤੇਰੇ ਸਿਮਰਨ ਦੁਆਰਾ ਮੌਤ ਦੀ ਫ਼ਾਹੀ ਕਟੀ ਜਾਂਦੀ ਹੈ। |
| ਤੁਮਰੇ ਭਜਨ ਕਟਹਿ ਜਮ ਫਾਸਾ॥ ਭਗਤਿ ਹੇਤ ਗਾਵੈ ਰਵਿਦਾਸ॥ ੫॥੫॥ (ਪੰਨਾ ੬੫੮) | To obtain Thine devotional service, O Lord Rav-Dass sings Thy praise. | ਤੈਂਡੀ ਪ੍ਰੇਮ ਮਈ ਸੇਵਾ ਪਰਾਪਤ ਕਰਨ ਲਈ ਹੇ ਸਾਂਈਂ। ਰਵਿਦਾਸ ਤੇਰੀ ਮਹਿਮਾ ਗਾਇਨ ਕਰਦਾ ਹੈ। |

# ਗੁਰਮੁਖ ਢੂਢ ਢੂਢੇਦਿਆਂ

## (Free Matrimonial Service)

- Suitable Non trimmer, Teetotaller, Sikh (Arora/ Khatri) preferably graduate and Govt. Service, of well settled in Business Match for Arora Sikh girl. Slim (23 1/2 yrs, 5' 1 3/4) graduate, doing Computer Diploma final in July 98, can recite Kirtan, Parents Pensioners, Elders Hailing from Sargodha/ Lyallpur, Contact ***Box 0040.***

- American citizen/Immigrant for a M.Sc(Statistics) Bhullar tee-totaller Boy owning Auto Insurance Company in U.S.A.(29- 5'10"). Elder Brother, Doctor and Permanent resident of Australia/New Zealand. Contact ***Box No.0041.***

- Suitable Gursikh Male match for issueless divorcee (30- 5') fair complexion, affectionate, homely, Post Graduate, employed near Panchkula as teacher, father, employed Shop Supdt. Railways.Contact ***Box No. 0042***

- Suitable Gursikh Homely Girl for a Blind Arora Sikh Boy (25) Tabla/Vocal B.A, serving Govt. school, Earning Rs 7000 P.m owns house. Contact. ***Box No 0046.***

- Suitable Arora Wellsettled Gursikh Male match for a very beautiful tall girl (5' 6 1/2", 24+) pleasing nature, convent educated, English Hons, LLB, Practising H.C. family highly educated, well settled, ***Contact Box 0043***

- Suitable male match for a Lamba, Graduate, Sikh Kashyap Rajput (Mehra) (5' 4", 28) Beauticean, Diploma in Beauty Advanced Technology, Typing, Stitching, & Business Management, ***Contact BoX 0045***

- Professionally qualified match for fair slim Khatri Sikh girl MBBS PCMS-I, doing post graduation 29 plus/ 158 respectable Chandigarh based family. ***Contact Box 0046A***

- Wanted sutable match from a status Gursikh family for pretty virtuous homely girl (26,150 cm) MA (History) Father class 1 officer, brothers doctors ***Contact Box 0047***

- Gursikh match for beautiful, slim, Brahmin sikh girl, (25, 5' 6") M.Com, B.Ed, PGT Public school-Delhi-Caste Asolutely no bar ***Contact Box 0048***

- Suitable Male match for issueless legal divorcee (31, 5' 2") B.A, fair Complexion, Ramgarhia vasser, homely girl, one yonger brother, two sisters married, mother housewife, father businessman, ***Contact Box 0049***

- Homely (well versed in houshold activities) Kirtan knowing, gursikh girl for Amritdhari Ragi Singh, (32, 5' 6") ***Contact Box 0050***

- Gursikh khatri girl of status family for Chadha, M.BA Finance Civil Engineer (26, 5' 6") ***Contact Box 0051***

- For a Sikh Amritdhari Boy Age 30 Years Height 5'2"B.A. Music (Ragi Singh) Own Music Training Institure-Income Four Fingure. Wanted Homely, well versed in houshold activites Gur Sikh Abel Life Companing knowing Kirtan. Able to write and read Punjabi. even divorcee ***Contact Box 0052***

- Gursikh Match for Nagi Girl M.Sc (Eco) Hons. Amritsar, (5'4") 28, one sister married. One brother B.Tech. own Business. ***Contact Box 0053***

- Gursikh Girl for Nagi B.Tech (Tetile) Boy (5'6") 27 Two sisters, one married, own Busines. ***Contact Box 0054***

- Suitable match for Sikh Tonkshastriya unmarried boy (38, 5' 6 1/2") Permanent College Lecturer, UGC Grade, M. A. (Uni. Topper) M. Phil, A known Name in Pbi. Lit, College/Uni. Lecturer Preferred. Well educated family. Early Marriage. ***Contact Box 0055***

- Suitable match for Sikh Tonkshastriya Unmarried Gril, (37, 5' 3") M.A., B. Ed., B. Lib. Sc. Permanent CBSE School Lecturer (Non-transferable) Salary Rs. 6500/- PM. Around Ludhiana Preferred. Well Educated family. Early Marriage ***Contact Box 0056***

- Suitable match for Sikh divorcee Girl,(27, 5'4") Elder Sister Settled in U.S.A. The boy sould be well employed in India or Settled in Canada or U.S.A. ***Contact Box 0057***

**Contact: H.B.S. Chopra 1246, Sector 22-B, Chandigarh**

ਕਤਕਿ ਕਿਰਤੁ ਪਇਆ, ਜੋ ਪ੍ਰਭ ਭਾਇਆ॥ ਦੀਪਕੁ ਸਹਜਿ ਬਲੈ, ਤਤਿ ਜਲਾਇਆ॥ ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥ ਅਵਗਣ ਮਾਰੀ ਮਰੈ, ਨ ਸੀਝੈ, ਗੁਣਿ ਮਾਰੀ ਤਾ ਮਰਸੀ॥ ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥ ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ॥੧੨॥

## ਗੁਰਪੁਰਬ

| | |
|---|---|
| ਪਾ. ੪ ਅਵਤਾਰ ਧਾਰਿਆ | 7 ਅਕਤੂਬਰ |
| ਪਾ. ੮ ਗੁਰਿਆਈ ਮਿਲੀ | 13 ਅਕਤੂਬਰ |
| ਪਾ. ੭ ਜੋਤੀ ਜੋਤਿ ਸਮਾਏ | 13 ਅਕਤੂਬਰ |
| ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰ-ਗੱਦੀ (ਨੰਦੇੜ) | 22 ਅਕਤੂਬਰ |
| ਪਾ. ੧੦ ਜੋਤਿ ਜੋਤਿ ਸਮਾਏ | 25 ਅਕਤੂਬਰ |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਦੁਸਹਿਰਾ | 1 ਅਕਤੂਬਰ |
| ਜਨਮ ਮਹਾਤਮਾ ਗਾਂਧੀ | 2 ਅਕਤੂਬਰ |
| ਜਨਮ ਰਿਸ਼ੀ ਬਾਲਮੀਕ | 5 ਅਕਤੂਬਰ |
| ਦੀਵਾਲੀ | 19 ਅਕਤੂਬਰ |


## ਹਰਮੋਨੀਅਮ ਪ੍ਰਾਪਤ ਕਰੋ

ਚੰਗੇ ਹਰਮੋਨੀਅਮ ਪ੍ਰਾਪਤ ਕਰਨ ਲਈ ਸੰਪਰਕ ਕਰੋ।

ਐਚ. ਐਮ. 74, ਫੇਜ 3 ਬੀ 1

ਮੁਹਾਲੀ

ਫੋਨ-220474


## ਅਕਤੂਬਰ

| | | | |
|---|---|---|---|
| ਸੰਮਤ ਬਿਕ੍ਰਮੀ | 2055 | ਪੰਚਮੀ | 25 ਅਕਤੂਬਰ |
| ਸੰਮਤ ਨਾਨਕਸ਼ਾਹੀ | 529 | ਪੂਰਨਮਾਸ਼ੀ | 5 ਅਕਤੂਬਰ |
| ਸੰਮਤ ਖਾਲਸਾ | 299-300 | ਸੰਗ੍ਰਾਂਦ | 17 ਅਕਤੂਬਰ |
| ਸੰਮਤ ਸਾਕਾ | 1920 | ਮੱਸਿਆ | 20 ਅਕਤੂਬਰ |

| | | | | | |
|---|---|---|---|---|---|
| ਐਤ SUN | ☆ | 4<br>19 ਅਸੂ<br>ਅਸੂ ਸੁਦੀ 13-14 | 11<br>26 ਅਸੂ<br>ਕਤਕ ਵਾਦੀ 7 | 18<br>2 ਕਤਕ<br>ਕਤਕ ਵਦੀ 13 | 25<br>9 ਕਤਕ<br>ਕਤਕ ਸੁਦੀ 5 |
| ਸੋਮ MON | ☆ | 5<br>20 ਅਸੂ<br>ਪੂਰਨਮਾਸ਼ੀ | 12<br>27 ਅਸੂ<br>ਕਤਕ ਵਾਦੀ 8 | 19<br>3 ਕਤਕ<br>ਕਤਕ ਵਦੀ 14 | 26<br>10 ਕਤਕ<br>ਕਤਕ ਸੁਦੀ 6 |
| ਮੰਗਲ TUE | ☆ | 6<br>21 ਅਸੂ<br>ਕਤਕ ਵਾਦੀ 1 | 13<br>28 ਅਸੂ<br>ਕਤਕ ਵਾਦੀ 9 | 20<br>4 ਕਤਕ<br>ਮੱਸਿਆ | 27<br>11 ਕਤਕ<br>ਕਤਕ ਸੁਦੀ 7 |
| ਬੁਧ WED | ☆ | 7<br>22 ਅਸੂ<br>ਕਤਕ ਵਾਦੀ 2 | 14<br>29 ਅਸੂ<br>ਕਤਕ ਵਾਦੀ 10 | 21<br>5 ਕਤਕ<br>ਕਤਕ ਸੁਦੀ 1 | 28<br>12 ਕਤਕ<br>ਕਤਕ ਸੁਦੀ 8 |
| ਵੀਰ THU | 1<br>16 ਅਸੂ<br>ਅਸੂ ਸੁਦੀ 10 | 8<br>23 ਅਸੂ<br>ਕਤਕ ਵਾਦੀ 3 | 15<br>30 ਅਸੂ<br>ਕਤਕ ਵਾਦੀ 11 | 22<br>6 ਕਤਕ<br>ਕਤਕ ਸੁਦੀ 2 | 29<br>13 ਕਤਕ<br>ਕਤਕ ਸੁਦੀ 9 |
| ਸ਼ੁਕਰ FRI | 2<br>17 ਅਸੂ<br>ਅਸੂ ਸੁਦੀ 11 | 9<br>24 ਅਸੂ<br>ਕਤਕ ਵਾਦੀ 4 | 16<br>31 ਅਸੂ<br>ਕਤਕ ਵਾਦੀ 11 | 23<br>7 ਕਤਕ<br>ਕਤਕ ਸੁਦੀ 3 | 30<br>14 ਕਤਕ<br>ਕਤਕ ਸੁਦੀ 10 |
| ਸ਼ਨੀ SAT | 3<br>18 ਅਸੂ<br>ਅਸੂ ਸੁਦੀ 12 | 10<br>25 ਅਸੂ<br>ਕਤਕ ਵਾਦੀ 5-6 | 17<br>1 ਕਤਕ<br>ਕਤਕ ਵਾਦੀ 12 | 24<br>8 ਕਤਕ<br>ਕਤਕ ਸੁਦੀ 4 | 31<br>15 ਕਤਕ<br>ਕਤਕ ਸੁਦੀ 11 |


## ਸਾਡਾ ਵਿਰਸਾ ਸਾਡਾ ਗੌਰਵ

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਪਤਾ:- ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141002


ਮਹੀਨ) ਵਿਚ (ਕਿਸਾਨ ਨੂੰ ਮੁੰਜੀ ਮਕਈ ਆਦਿਕ ਸਾਵਣੀ ਦੇ ਫ਼ਸਲ ਦੀ ਕੀਤੀ ਕਮਾਈ ਮਿਲ ਜਾਂਦੀ ਹੈ, ਤਿਵੇਂ ਹਰੇਕ ਜੀਵ ਨੂੰ ਆਪਣੇ) ਕੀਤੇ ਕਰਮਾਂ ਦਾ ਫਲ (ਮਨ ਵਿਚ ਇੱਕਠੇ ਹੋਏ ਸੰਸਕਾਰਾਂ ਦੇ ਰੂਪ ਵਿਚ) ਮਿਲ ਜਾਂਦਾ ਹੈ।

ਹੇ ਭਾਈ ! (ਆਪਣੇ ਕੀਤੇ ਭਲੇ ਕਰਮਾਂ ਅਨੁਸਾਰ) ਜਿਹੜਾ ਮਨੁੱਖ ਪਰਮਾਤਮਾ ਨੂੰ ਪਿਆਰਾ ਲੱਗ ਪੈਂਦਾ ਹੈ (ਉਸ ਦੇ ਹਿਰਦੇ ਵਿਚ) ਆਤਮਕ ਅਡੋਲਤਾ ਦੇ ਕਾਰਨ (ਆਤਮਕ ਜੀਵਨ ਦੀ ਸੂਝ ਦੇਣ ਵਾਲੇ ਚਾਨਣ ਦਾ) ਦੀਵਾ ਜਗ ਪੈਂਦਾ ਹੈ। (ਇਹ ਦੀਵਾ ਉਸ ਦੇ ਅੰਦਰ) ਪ੍ਰਭੂ ਨਾਲ ਡੂੰਘੀ ਜਾਣ-ਪਛਾਣ ਨੇ ਜਗਾਇਆ ਹੁੰਦਾ ਹੈ। ਜਿਸ ਜੀਵ-ਇਸਤ੍ਰੀ ਦਾ ਪ੍ਰਭੂ ਪਤੀ ਨਾਲ ਮਿਲਾਪ ਹੋ ਜਾਂਦਾ ਹੈ (ਉਸ ਦੇ ਅੰਦਰ) ਆਤਮਕ ਜੀਵਨ ਦੀ ਸੂਝ ਦੇਣ ਵਾਲੇ ਚਾਨਣ ਦੇ ਆਨੰਦ ਦਾ (ਮਾਨੋ, ਦੀਵੇ ਵਿਚ) ਤੇਲ ਬਲ ਰਿਹਾ ਹੈ, ਉਹ ਜੀਵ-ਇਸਤ੍ਰੀ ਉਤਸ਼ਾਹ ਵਿਚ ਆਤਮਕ ਆਨੰਦ ਮਾਣਦੀ ਹੈ।

(ਹੇ ਭਾਈ ! ਜਿਸ ਜੀਵ-ਇਸਤ੍ਰੀ ਦੇ ਜੀਵਨ ਨੂੰ) ਵਿਕਾਰਾਂ ਨੇ ਮਾਰ ਮੁਕਾਇਆ ਉਹ ਆਤਮਕ ਮੌਤੇ ਮਰ ਗਈ, ਉਹ (ਜ਼ਿੰਦਗੀ ਵਿਚ) ਕਾਮਯਾਬ ਨਹੀਂ ਹੁੰਦੀ, ਪਰ ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ ਦੀ ਸਿਫ਼ਤਿ ਸਾਲਾਹ ਨੇ (ਵਿਕਾਰਾਂ ਵਲੋਂ) ਮਾਰਿਆ ਉਹ ਹੀ ਵਿਕਾਰਾਂ ਵਲੋਂ ਬਚੀ ਰਹੇਗੀ।

ਹੇ ਨਾਨਕ ! ਜਿਨ੍ਹਾਂ ਨੂੰ ਪਰਮਾਤਮਾ ਆਪਣਾ ਨਾਮ ਦੇਂਦਾ ਹੈ ਆਪਣੀ ਭਗਤੀ ਦੇਂਦਾ ਹੈ ਉਹ (ਵਿਕਾਰਾਂ ਵਲ ਭਟਕਣ ਦੇ ਥਾਂ) ਆਪਣੇ ਹਿਰਦੇ-ਘਰ ਵਿਚ ਟਿਕੇ ਰਹਿੰਦੇ ਹਨ, (ਉਹਨਾਂ ਦੇ ਅੰਦਰ) ਸਦਾ ਹੀ (ਪ੍ਰਭੂ-ਮਿਲਾਪ ਦੀ) ਤਾਂਘ ਬਣੀ ਰਹਿੰਦੀ ਹੈ (ਉਹ ਸਦਾ ਅਰਦਾਸ ਕਰਦੇ ਹਨ-ਹੇ ਪਾਤਿਸ਼ਾਹ! ਸਾਨੂੰ) ਮਿਲ, (ਸਾਡੇ ਅੰਦਰੋਂ ਵਿਛੋੜਾ ਪਾਣ ਵਾਲੇ) ਕਿਵਾੜ ਖੋਹਲ ਦੇਹ, (ਤੇਰੇ ਨਾਲੋਂ) ਇਕ ਘੜੀ (ਦਾ ਵਿਛੋੜਾ) ਛੇ ਮਹੀਨੇ (ਦਾ ਵਿਛੋੜਾ ਜਾਪਦਾ) ਹੈ। ੧੨।

ਭਾਵ : ਜਿਸ ਮਨੁੱਖ ਨੂੰ ਪਰਮਾਤਮਾ ਆਪਣੀ ਸਿਫ਼ਤਿ ਸਾਲਾਹ ਦੀ ਦਾਤਿ ਦੇਂਦਾ ਹੈ, ਉਸ ਦੇ ਅੰਦਰ ਆਤਮਕ ਜੀਵਨ ਦੀ ਸੂਝ ਵਾਲੇ ਚਾਨਣ ਦਾ, ਮਾਨੋ, ਦੀਵਾ ਜਗ ਪੈਂਦਾ ਹੈ। ਉਹ ਪਰਮਾਤਮਾ ਦੀ ਯਾਦ ਤੋਂ ਇੱਕ ਘੜੀ ਦਾ ਵਿਛੋੜਾ ਭੀ ਸਹਾਰ ਨਹੀਂ ਸਕਦਾ।

ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ।

Registration No.
Chandigarh Division / 52 / 98
RNI Regd. No. 46788/89
ISSN-002045

**BOOK POST**
(Printed Matter)

To ______________________
______________________
______________________

*If undelivered please return to:*
**AMRIT KIRTAN TRUST (Regd.)**
422, Sector 15-A, Chandigarh - 160 015
Phone : 0172-772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 10 ਸਾਲ ਦਸਵਾਂ ਅਕਤੂਬਰ 1998

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਜੀ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।